# ਵਰਿਆਮ

੪੦ਵਾਂ ਸਾਲ

ਅਪ੍ਰੈਲ-੨੦੧੫




NamdhariElibrary NamdhariElibrary@gmail.com













Namdhari Elibrary NamdhariElibrary@gmail.com

# ਵਰਿਆਮ

ਅਪ੍ਰੈਲ - ੨੦੧੫

ਜਿਲਦ-੪੦

ਅੰਕ- ੬



ਸੰਪਾਦਕ

ਜਗਦੀਸ਼ ਸਿੰਘ 'ਵਰਿਆਮ'

ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ

ਮੋਬ.- 98143-18720

| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ-੧੪੪੦੦੧ | Opp. Central Town, Jalandhar-144001 |
| ਫੋਨ-:੦੧੮੧-੨੨੨੨੫੪੩ | Ph. :0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੨੫-੦੦ |
| ਸਲਾਨਾ ਚੰਦਾ | ੨੫੦-੦੦ |
| ਪੰਜ ਸਾਲ ਲਈ | ੧੦੦੦-੦੦ |
| ਜੀਵਨ ਮੈਂਬਰ | ੨੫੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

# ਤਤਕਰਾ


ਸੰਪਾਦਕੀ —*ਜਗਦੀਸ਼ ਸਿੰਘ ਵਰਿਆਮ* ........................੨
ਗੁਰ ਜਗਜੀਤ —*ਲਖਵਿੰਦਰ ਸਿੰਘ ਬਾਜਵਾ* ....................੪
ਬੀਰਬਲੀ ਬਾਬਾ ਉਤਮ ਸਿੰਘ ਰਾਏਸਰੀਆ
—*ਸੁਵਰਨ ਸਿੰਘ ਵਿਰਕ* ........................................੫
ਵਧਦੀ ਜਾਂਦੀ ਦਰਿੰਦਗੀ ਲਈ ਹੋਰ ਨਵੇਂ ਲਫ਼ਜ਼
ਘੜਨ ਦੀ ਲੋੜ ਪੈ ਗਈ ਹੈ ! —*ਡਾ: ਹਰਸ਼ਿੰਦਰ ਕੌਰ,* .........੧੪
ਰੰਗ-ਬਰੰਗੇ ਫੁੱਲ -*ਵਰਿਆਮ ਸਿੰਘ ਸੰਧੂ* .......................੧੭
"ਤੂੰ ਦੋ ਬਾਹਾਂ ਵਾਲਿਆਂ ਤੋਂ ਚੰਗਾ ਰਹੇਂਗਾ"
-*ਮਾਸਟਰ ਅਮਰੀਕ ਸਿੰਘ*.......................੨੦
ਪਰਮ ਸਤਿਕਾਰਯੋਗ ਪੈਗੰਬਰ : ਹਜ਼ਰਤ ਮੁਹੰਮਦ ਸਾਹਿਬ ਜੀ
—*ਰਮੇਸ਼ ਬੱਗਾ ਚੋਹਲਾ* ...............................੨੧
ਆਧੁਨਿਕ ਦੋਹੇ —*ਡਾ. ਹਰਨੇਕ ਸਿੰਘ ਕੋਮਲ*.....................੨੩
ਮਾਂ —*ਜੀ.ਡੀ. ਚੌਧਰੀ*.......................................੨੪
ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਨਾਂ —*ਸ਼ਿਵਨਾਥ* ..............੨੪
ਜਿੰਦੂਆ -*ਲਖਵਿੰਦਰ ਬਾਜਵਾ*.................................੨੫
ਗ਼ਜ਼ਲਾਂ ਨਿਰਪਾਲ ਸਿੰਘ ......................................੨੫
ਵਿਸਾਖੀ ਆਈ —*ਜਰਨੈਲ ਸਿੰਘ ਬੱਧਣ* .......................੨੬
ਰਹਿਤ ਪਿਆਰੀ ਗੁਰਾਂ ਨੂੰ —*ਪੂਰਨ ਸਿੰਘ ਨਿਰਾਲਾ*.............੨੬
ਦੋ ਗ਼ਜ਼ਲਾਂ *ਜਸਵੰਤ ਸਿੰਘ ਕੈਲਵੀ* ............................੨੭
ਟੱਪੇ/ —*ਲਖਵਿੰਦਰ ਬਾਜਵਾ* ...................................੨੭
ਗੁਰੂ ਗ੍ਰੰਥ ਸਾਹਿਬ ਸੈਂਟਰ-ਅੰਮ੍ਰਿਤਸਰ ਇਕ ਅਦੁੱਤੀ ਪ੍ਰਾਪਤੀ
-*ਤਰਲੋਚਨ ਸਿੰਘ* ......................................੨੮
ਕੂਕੇ ਸਿੱਖਾਂ ਦੀ ਅੰਗਰੇਜ਼ੀ ਰਾਜ ਨੂੰ ਖੁੱਲੀ ਚੁਣੌਤੀ
—*ਮਹਿੰਦਰ ਸਿੰਘ ਧੰਜਲ*..............................੩੦
ਮੰਜ ਮੇਲਾ ਸਟੋਨਹੈਂਜ ਦਾ —*ਤਾਰਾ ਸਿੰਘ ਅਨਜਾਣ*.............੩੩
ਖ਼ਬਰਨਾਮਾ.....................................................੩੬
ਪ੍ਰਤੀਕਰਿਆ ....................................................੪੪


**WARIAM** Current A/C No.
071300 5500 288 342
Punjab National Bank Central Town Jal. City

ਈ-ਮੇਲ ਪਤਾ :

jagdishsinghwariam@gmail.com


Namdhari Elibrary
NamdhariElibrary@gmail.com

ਸੰਪਾਦਕੀ

# ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਜਲੰਧਰ

ਦੇਸ਼ ਅਤੇ ਦੁਨੀਆ ਦੇ ਇਤਿਹਾਸ ਵਿਚ ਜੀਵ ਮਾਤਰ ਦੇ ਕਲਿਆਣ ਅਤੇ ਉਥਾਨ ਵਾਸਤੇ ਡੂੰਘੀਆਂ ਅਮਿਟ ਪੈੜਾਂ ਪਾਉਣ ਵਾਲੇ ਸਾਹਿਬ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਬਸੰਤ ਪੰਚਮੀ ੩ ਫਰਵਰੀ ੧੮੧੬ ਈਸਵੀ ਨੂੰ ਸੰਮਤ ੧੮੭੨ ਬਿਕ੍ਰਮੀ ਨੂੰ ਹੈ। ਅੱਜ ਕਲ੍ਹ ਅਸੀਂ ਉਹਨਾਂ ਦੇ ਦੋ ਸੌਵੇਂ ਪ੍ਰਕਾਸ਼ ਪੁਰਬ ਦੇ ਸਾਲ ਵਲ ਵਧ ਰਹੇ ਹਾਂ। ਇਸ ਨੂੰ ਸ਼ਰਧਾ ਅਤੇ ਸਨਮਾਨ ਨਾਲ ਮਨਾਉਣ ਅਪਨਾਉਣ ਦੀ ਇੱਛਾ ਆਪ ਦੇ ਸ਼ਰਧਾਲੂਆਂ ਵਿਚ ਵੱਖ-ਵੱਖ ਆਯੋਜਨਾਂ ਦੇ ਰੂਪ ਵਿਚ ਪ੍ਰਤੱਖ ਹੋ ਰਹੀ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਵਾਲੇ ਭਾਣੇ ਪਿਛੋਂ ਆਪ ਜੀ ਨੂੰ ਲੁਧਿਆਣੇ ਤੋਂ ਲਿਜਾ ਕੇ ਪ੍ਰਮੁਖ ਸੂਬਿਆਂ ਸਹਿਤ ਪ੍ਰਯਾਗ ਇਲਾਹਾਬਾਦ ਕਿਲ੍ਹੇ ਵਿਚ ਰੱਖਿਆ ਗਿਆ ਸੀ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਗਵਾਈ ਵਿਚ ਨਾਮਧਾਰੀ ਸੰਗਤਾਂ ਨੇ ਇਲਾਹਾਬਾਦ ਦੇ ਕਿਲ੍ਹੇ ਅੰਦਰ ਜਾ ਕੇ ਅਤੇ ਬਾਹਰ ਵੀ ਸਮਾਗਮ ਰਚ ਕੇ, ਦੀਵਾਨ ਸਜਾ ਕੇ, ਹਵਨ ਯੱਗ ਕਰ ਕੇ ਬਾਕੀ ਭਾਈਚਾਰਿਆਂ ਸਮੇਤ ਇਸ ਅਵਸਰ ਨੂੰ ਮਨਾਇਆ ਹੈ। ਸ੍ਰੀ ਭੈਣੀ ਸਾਹਿਬ ਵਿਚ ਵੀ ਸਮਾਗਮਾਂ ਦੀ ਲੜੀ ਆਰੰਭ ਹੋ ਚੁੱਕੀ ਹੈ ਅਤੇ ਹੋਰ ਇਤਿਹਾਸਕ ਥਾਵਾਂ ਮਲੇਰਕੋਟਲਾ ਆਦਿਕ ਸਥਾਨਾਂ ਤੇ ਵੀ ਸਰਗਰਮੀਆਂ ਜਾਰੀ ਹਨ। ੨੨ ਮਾਰਚ ੨੦੧੫ ਐਤਵਾਰ ਨੂੰ ਜਲੰਧਰ ਦੇ ਪ੍ਰਸਿੱਧ ਕੇਂਦਰੀ ਅਸ਼ਥਾਨ ਦੇਸ਼ ਭਗਤ ਯਾਦਗਾਰ ਹਾਲ ਵਿਚ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਕੀਤਾ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਸੰਗੀਤ-ਕੀਰਤਨ ਅਤੇ ਗੁਰਬਾਣੀ ਦੇ ਪ੍ਰਚਾਰ ਵਾਸਤੇ ਸਾਰੇ ਦੇਸ਼ ਵਿਚ ਪ੍ਰਸਿੱਧ ਰਾਗੀਆਂ ਦੇ ਜੱਥੇ ਭੇਜ ਕੇ ਪ੍ਰਚਾਰ ਦੀ ਲਹਿਰ ਚਲਾ ਦਿੱਤੀ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਤੋਂ ਬਾਅਦ ਨਾਮਧਾਰੀ ਪੰਥ ਉਤੇ ਸੰਕਟਾਂ ਦਾ ਝੱਖੜ ਝੁਲਾਇਆ ਗਿਆ। ਜ਼ੁਲਮ ਦੀ ਕਾਲ੍ਹੀ ਬੋਲ੍ਹੀ ਲੰਬੀ ਰਾਤ ਵਿਚ ਵੀ ਕੀਰਤਨ ਸੰਗੀਤ ਦੀ ਲੋਅ ਨੂੰ ਗੁਰੂ ਸਾਹਿਬਾਨ ਨੇ ਕਾਇਮ ਰੱਖਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਨਾਮਧਾਰੀ ਪੰਥਕ ਸਰਗਰਮੀਆਂ ਵਿਚ ਮੁੜ ਉਭਾਰ ਆਇਆ ਅਤੇ ਖੁਲ੍ਹ ਕੇ ਧਾਰਮਿਕ ਅਤੇ ਸਮਾਜਿਕ ਅਤੇ ਰਾਜਨੀਤਿਕ ਪ੍ਰੋਗਰਾਮਾਂ ਨੂੰ ਲੋਕਾਂ ਵਿਚ ਪ੍ਰਚਾਰਿਆ ਗਿਆ। ਕੀਰਤਨ ਅਤੇ ਸੰਗੀਤ ਸਰਗਰਮੀਆਂ ਨੂੰ ਆਪ ਦੀ ਦੇਣ ਯਾਦਗਾਰੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਗੁਰੂ ਪਿਤਾ ਦੀ ਸੰਗੀਤ ਨੂੰ ਦੇਣ ਨੂੰ ਚਿਰ ਸਥਾਪਤ ਕਰਨ ਵਾਸਤੇ ਭਾਰਤੀ ਪੱਧਰ ਦੇ ਸੰਗੀਤ ਸੰਮੇਲਨਾਂ ਦੀ ਲੜੀ ਸਥਾਪਤ ਕੀਤੀ, ਜਿਸ ਵਿਚ ਚੋਟੀ ਦੇ ਸ਼ਾਸਤਰੀ ਸੰਗੀਤ ਪੱਧਤੀ ਦੇ ਉਸਤਾਦ ਗੁਰੂ-ਜਨ ਸ਼ਿਰਕਤ ਕਰਦੇ ਰਹੇ। ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਅਤੇ ਹਿੱਤਕਾਰੀ ਨੌਜਵਾਨਾਂ ਨੂੰ ਉੱਚ ਕੋਟੀ ਦੇ ਕਲਾਕਾਰਾਂ ਦੇ ਰੂਪ ਵਿਚ ਪ੍ਰਫੁਲਤ ਕਰ ਦਿੱਤਾ। ਭਾਰਤੀ ਸੰਗੀਤ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਣ ਅੱਦੁਤੀ ਹੈ। ਇਸ ਵਕਤ ਸੰਗੀਤ ਦੇ ਹਰ ਖੇਤਰ ਵਿਚ ਅਤੇ ਹਰ ਸ਼ੈਲੀ, ਹਰ ਸਾਜ਼ ਵਿਚ ਭਾਰਤ ਦੇ ਹਰ ਚੋਟੀ ਦੇ ਉਸਤਾਦ ਗੁਰੂ ਜਨ ਕਲਾਕਾਰ ਤੋਂ ਸਿਖਿਆ ਪ੍ਰਾਪਤ ਕਲਾਕਾਰਾਂ ਦੀ ਨੌਜਵਾਨ ਟੀਮ ਤਿਆਰ ਹੈ ਜੋ ਸਿਰਫ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੀ ਕ੍ਰਿਸ਼ਮਾ ਹੈ। ਨਾਮਧਾਰੀ ਪੰਥ ਦੇ ਹਾਜ਼ਰਾ ਹਜ਼ੂਰ ਗੁਰੂ ਮਹਾਰਾਜ ਸਤਿਗੁਰੂ ਉਦੈ ਸਿੰਘ ਜੀ ਜੋ ਆਪ ਵੀ ਸੰਗੀਤਕਾਰ ਹਨ ਆਪਣੇ ਪੂਰਵ ਸਤਿਗੁਰੂ, ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਮ ਤੇ ਸੰਗੀਤ ਸੰਮੇਲਨ ਕਰਨ ਦੀ ਪਿਰਤ ਪਾ ਦਿੱਤੀ ਹੈ। ਜਲੰਧਰ ਦੀ ਨਾਮਧਾਰੀ ਸਿੱਖ ਸੰਗਤ ਨੇ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਸੰਗੀਤ ਸੰਮੇਲਨ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੇ ਰੂਪ ਵਿਚ ਹੀ ੨੨ ਮਾਰਚ ਨੂੰ ਮਨਾਇਆ ਹੈ ਜਿਸ ਵਿਚ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਸ਼ਮੂਲੀਅਤ ਨੇ ਇਸ ਆਯੋਜਨ ਨੂੰ ਜਲੰਧਰ ਦੇ ਸਾਂਸਕ੍ਰਿਤਕ ਇਤਿਹਾਸ ਵਿਚ ਯਾਦਗਾਰੀ ਬਣਾ ਦਿੱਤਾ ਹੈ। ਸ਼ੁਰੂਆਤ ਤਾਂ ਸਤਿਗੁਰੂ ਜੀ ਵਲੋਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ਾਲ ਸੁੰਦਰ ਤਸਵੀਰ ਅਗੇ ਦੀਪਕ ਜਗਾਉਣ ਨਾਲ ਕੀਤੀ ਗਈ। ਉਪਰੰਤ ਨੌਜਵਾਨ ਕਲਾਕਾਰ ਜੈਤਾ ਸਿੰਘ ਸਪੁੱਤਰ ਜਤਿੰਦਰਪਾਲ ਸਿੰਘ ਚਿੰਕਾ ਸ਼ਾਗਿਰਦ ਪ੍ਰੋ. ਵਰਿੰਦਰ ਕੁਮਾਰ ਜੀ ਵਲੋਂ ਸਰਦੋ ਵਾਜਨ ਪੇਸ਼ ਕੀਤਾ ਗਿਆ। ਉਸ ਤੋਂ ਬਾਅਦ ਸੰਸਾਰ ਪ੍ਰਸਿੱਧ ਤਬਲਾ ਵਾਦਕ ਸੁਖਵਿੰਦਰ ਸਿੰਘ ਨਾਮਧਾਰੀ (ਪਿੰਕੀ) ਸ਼ਾਗਿਰਦ ਪੰਡਿਤ ਕਿਸ਼ਨ ਮਹਾਰਾਜ ਦਾ ਏਕਲ (ਸੋਲੋ) ਵਾਦਨ ਹੋਇਆ। ਪੰਡਿਤ ਕਿਸ਼ਨ ਮਹਾਰਾਜ ਦੇ ਸਾਜ਼ ਦੀ ਧਮਕ ਸਾਰੀ ਦੁਨੀਆ ਵਿਚ ਪੈ ਰਹੀ ਸੀ ਕਿਉਂ ਜੋ

NamdhariElibrary NamdhariElibrary@gmail.com



ਵਿਗਿਆਨਕ ਸਾਧਨਾ ਰਾਹੀਂ ਪ੍ਰੋਗਰਾਮ ਸਾਰੀ ਦੁਨੀਆ ਵਿਚ ਜਾ ਰਿਹਾ ਸੀ। ਇੰਗਲੈਂਡ ਅਮਰੀਕਾ ਆਦਿ ਦੇਸ਼ਾਂ ਵਿਚ ਵੀ ਲੋਕ ਆਪਣੇ ਘਰਾਂ ਵਿਚ ਬੈਠ ਕੇ ਪ੍ਰੋਗਰਾਮ ਦੇਖ ਰਹੇ ਸਨ ਅਤੇ ਇਹਨਾਂ ਦੇਸ਼ਾਂ ਤੋਂ ਆਏ ਜਲੰਧਰ ਵਿਚ ਲੋਕ ਸਾਹਮਣੇ ਬੈਠ ਕੇ ਵੀ ਅਨੰਦ ਮਾਣ ਰਹੇ ਸਨ। ਸ੍ਰੋਤਿਆਂ ਵਿਚ ਸੰਗੀਤ ਸੂਝ ਵਾਲੇ ਕਲਾਕਾਰਾਂ ਦੀ ਭਾਰੀ ਗਿਣਤੀ ਸ਼ਾਮਲ ਸੀ ਭਰਪੂਰ ਪ੍ਰਸ਼ੰਸਾ ਲੈਂਦਿਆਂ ਸੁਖਵਿੰਦਰ ਸਿੰਘ ਨੇ ਤਬਲਾ ਵਾਦਨ ਦਾ ਪ੍ਰੋਗਰਾਮ ਸੰਪੂਰਨ ਕੀਤਾ। ਬਹੁਤ ਜ਼ੋਰ ਅਤੇ ਸ਼ਰਧਾ ਦਾ ਸਿਖਰ ਸੀ ਇਹ ਤਬਲਾ ਵਾਦਨ। ਤਬਲਾ ਵਾਦਨ ਬਾਦ ਪ੍ਰਸਿੱਧ ਕਲਾਕਾਰ ਬਲਵੰਤ ਸਿੰਘ ਨਾਮਧਾਰੀ ਦਾ ਗਾਇਣ ਹੋਇਆ ਇਹਨਾਂ ਨਾਲ ਤਬਲੇ ਦੀ ਸੰਗੀਤ ਵਾਸਤੇ ਹਰਪ੍ਰੀਤ ਸਿੰਘ ਨਾਮਧਾਰੀ (ਸੋਨੂੰ)-ਸੁਖਵਿੰਦਰ ਸਿੰਘ ਪਿੰਕੀ ਸਨ, ਹਾਰਮੋਨੀਅਮ ਤੇ ਮਨਿੰਦਰ ਸਿੰਘ ਬਹੁਤ ਯੋਗ ਸਾਥ ਦੇ ਰਹੇ ਸਨ। ਰਾਗ ਬਾਗੇਸ਼ਰੀ ਦੀ ਅਵਤਾਰਨਾ ਵਿਚ ਹੀ ਬਲਵੰਤ ਸਿੰਘ ਵਾਹ ਵਾਹ ਲੁਟ ਕੇ ਲੈ ਗਏ। ਬਾਅਦ ਵਿਚ ਉਹਨਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸਿਖਾਈਆਂ ਮੁਲਵਾਨ ਰਚਨਾਵਾਂ, ਗੀਤਾਂ ਦਾ ਗਾਉਣ ਕੀਤਾ। ਗਹਿਰ ਗੰਭੀਰ ਸੁਨਹਿਰੀ ਆਵਾਜ਼ ਸਾਰੇ ਸਪਤਕਾਂ ਵਿਚ ਸਰਲਤਾ ਨਾਲ ਉਪਰ ਨੀਚੇ ਜਾ ਆ ਰਹੀ ਸੀ। ਅਦਭੁਤ ਸਮਾਂ ਬਣ ਗਿਆ ਸੀ। ਦੋ ਘੰਟੇ ਤਾਂ ਸਮਾਂ ਰੁਕ ਗਿਆ ਸੀ। ਸੰਤ ਬਲਵੰਤ ਸਿੰਘ ਤੇ ਰੂਹਾਨੀ ਕ੍ਰਿਪਾ ਵੀ ਬਹੁਤ ਹੈ। ਕਮਾਲ ਤੋਂ ਵੀ ਕਮਾਲ ਕਰਦੇ ਹਨ ਆਪਣੇ ਗਾਇਣ ਵਿਚ। ਆਪ ਦਾ ਗਾਇਣ ਯਾਦਗਾਰੀ ਹੋ ਨਿਬੜਿਆ।

ਸ. ਸੁਵਰਨ ਸਿੰਘ ਵਿਰਕ ਹੋਰਾਂ ਸਤਿਗੁਰੂ ਰਾਮ ਸਿੰਘ ਜੀ ਬਾਰੇ ਸੁੰਦਰ ਸ਼ਬਦਾਂ ਵਿਚ ਆਪਣੇ ਮਨੋਭਾਵ ਪ੍ਰਗਟ ਕੀਤੇ ਅਤੇ ਮੇਲਾ ਸੰਪੂਰਨਤਾ ਦੀ ਸਿਖਰ ਤੇ ਪੁੱਜਿਆ।

ਸਟੇਜ ਸੰਚਾਲਣ ਦੀ ਸੇਵਾ ਸੰਤ ਅਜੀਤ ਸਿੰਘ ਲਾਇਲ ਨੇ ਸ਼ਾਇਰਾਨਾ ਅੰਦਾਜ਼ ਵਿਚ ਕੀਤੀ। ਸੰਤ ਹਰਪਾਲ ਸਿੰਘ ਸੇਵਕ ਹੋਰਾਂ ਦੀ ਉਹਨਾਂ ਦੀ ਸਹਾਇਤਾ ਕੀਤੀ।

ਪਿਛਲੇ ਸਾਲ ਸਤਿਗੁਰੂ ਉਦੈ ਸਿੰਘ ਜੀ ਨੇ ਜਲੰਧਰ ਦੀ ਸੰਗਤ ਦੇ ਪਹਿਲੇ ਸੇਵਕਾਂ ਨੂੰ ਖੁਸ਼ੀਆਂ ਬਖਸ਼ੀਆਂ ਸਨ ਅਤੇ ਨਵੇਂ ਸੇਵਕ ਸ. ਨਰੈਣ ਪ੍ਰਧਾਨ ਵਜੋਂ ਨਿਯੁਕਤ ਕੀਤੇ ਸਨ। ਸਾਧ ਸੰਗਤ ਨੇ ਉਹਨਾਂ ਨੂੰ ਭਰਪੂਰ ਸਹਿਯੋਗ ਦੇ ਕੇ ਨਾਮਧਾਰੀ ਵਿਦਿਅਕ ਜਥਾ ਅਤੇ ਇਸਤ੍ਰੀ ਵਿਦਿਅਕ ਜਥਾ ਨੇ ਵੀ ਪੂਰਾ ਸਹਿਯੋਗ ਦੇ ਕੇ ਇਹ ਮਹਾਨ ਕਾਰਜ ਸੰਪੰਨ ਕਰਨ ਵਿਚ ਹਿੱਸਾ ਪਾਇਆ। ਸਾਰੇ ਸਮਾਰੋਹ ਸਮੇਂ ਲੰਗਰ ਗੁਰੂ ਕਾ ਅਤੁਟ ਵਰਤਦਾ ਰਿਹਾ। ਪ੍ਰਧਾਨ ਨਰੈਣ ਸਿੰਘ ਸੂਬਾ ਜੁਗਿੰਦਰ ਸਿੰਘ ਅਤੇ ਓਹਨਾਂ ਦੀ ਟੀਮ ਵਧਾਈ ਦੇ ਪਾਤਰ ਹਨ।

*-ਜਗਦੀਸ਼ ਸਿੰਘ ਵਰਿਆਮ*

Namdhari Elibrary NamdhariElibrary@gmail.com

# ਗੁਰ ਜਗਜੀਤ (ਸਵੈਯੇ)

—ਲਖਵਿੰਦਰ ਸਿੰਘ ਬਾਜਵਾ

ਸਦ ਬਖਸ਼ਿੰਦ, ਦਿਆਲ ਮਹਾਂ ਸਿੰਧ, ਰਤਨਾਕਰ ਸੁਣ ਗਿਆਨ ਗਹੀਰਾ।
ਸੀ ਸੁਖ ਸਾਜ ਬਾਸ ਕਸਤੂਰੀ ਲੋ ਮਲਿਆਨ ਸੁਰਸਤੀ ਨੀਰਾ।
ਗੰਗਾ ਜਲ ਪਾਵਨ ਦੁੱਖ ਹਰਤਾ ਸੀਤਲ ਸਸੀ ਸਮਾਨ ਗੰਭੀਰਾ।
ਮਣੀਓਂ ਮਾਣਕ ਰਤਨ ਸ੍ਰੇਸ਼ਟ ਗੁਰ ਜਗਜੀਤ ਅਮੋਲਕ ਹੀਰਾ।
ਹੋ ਖੇਵਟ ਤਾਰਤ ਭਵ ਸਾਗਰ ਲਾਗਨ ਦੇਤ ਨਾ ਤਾਤੀ ਵਾਓ।
ਦੂਖ ਦਰਦ ਭਓ ਹੋਤ ਨਿਦਾਰਦ, ਸ਼ੁਭ ਰਸਨਾ ਸੁਨ ਏਕ ਕਵਾਓ।
ਦੇਵਤ ਦਾਤ ਸੌਗਾਤ ਸ਼ਾਦ ਹੋ, ਪਰਉਪਕਾਰ ਕਰਨ ਹਿਤ ਚਾਓ।
ਵੈਦਨ ਵੈਦ ਮਹਾਂ ਧਨਵੰਤਰ, ਗੁਰ ਜਗਜੀਤ ਭਰੇ ਅਤਿ ਘਾਓ।
ਆਵਤ ਯਾਦ ਸਤਾਵਤ ਬ੍ਰਿਹਾ, ਨੈਨਨ ਨੀਰ ਨਿਰੰਤਰ ਜਾਵਤ।
ਅਵਲੋਕਤ ਮੂਰਤ ਮਨ ਮਾਂਹੀ, ਦਰਸਨ ਪਰਸਨ ਪਾਰ ਨਾ ਪਾਵਤ।
ਹੋਇ ਅਧੀਰ, ਧਰੇ ਕਿਆ ਧੀਰਜ, ਮਨ ਭਟਕਤ ਤਨ ਸ਼ਾਂਤ ਨਾ ਆਵਤ।
ਸੀਤਲ ਸਾਸ, ਗ੍ਰਾਸ ਨਾ ਭਾਵਤ, ਬਿਨ ਜਗਜੀਤ ਬੇਅਰਥ ਵਿਹਾਵਤ।
ਦੇਖ ਉਦੇ ਪ੍ਰਤਿਭਾ ਮੁੱਖ ਮੰਡਲ, ਹਰਸ਼ ਭਇਆ ਮਨ ਧੀਰ ਧਰਾਇਆ।
ਕੇਰ ਕੇਰ ਕ੍ਰਿਪਾਮਈ ਕਣੀਆਂ, ਬ੍ਰਿਹਾ ਸੇਕ ਸਮਸਤ ਮਿਟਾਇਆ।
ਦੇਤ ਦੀਦਾਰ 'ਬਾਜਵਾ' ਸਨਮੁਖ, ਗੁਰ ਜਗਜੀਤ ਪਲਟ ਕੇ ਕਾਇਆ।
ਸੀਤਲ ਨੈਣ, ਤ੍ਰਿਪਤ ਆਤਮਾ, ਕਰਤ ਦੀਦਾਰ ਮਹਾਂ ਸੁਖ ਪਾਇਆ।

ਜਗਜੀਤ ਨਗਰ (ਹਰੀਪੁਰਾ)
ਸਿਰਸਾ (ਹਰਿਆਣਾ)-੦੯੪੧੬੭-੩੪੫੦੬

Namdhari Elibrary NamdhariElibrary@gmail.com



# ਬੀਰਬਲੀ ਬਾਬਾ ਉਤਮ ਸਿੰਘ ਰਾਏਸਰੀਆ

—ਸੁਵਰਨ ਸਿੰਘ ਵਿਰਕ

"ਪੋਹ ਪਾਪੀ ਤੇ 'ਪਰਾਧੀ, ਵੱਡੇ ਚੁਗਲ ਫਸਾਦੀ,
ਜਾ ਕੇ ਆਖਦੇ ਤਸੀਲੇ,
ਕਰੋ ਸਿੰਘਾਂ ਦਾ ਇਲਾਜ ਜੀ
ਕਰਨ ਸ਼ੋਰ ਤੇ ਸ਼ਰਾਬਾ,.
ਸਾਨੂੰ ਖੌਫ ਬੜਾ ਡਾਢਾ,
ਐਸੀ ਕਰੋ ਤਦਬੀਰ, ਮੱਤ ਹੋਵੇ ਨਾ ਫਸਾਦ ਜੀ।
ਬਾਤ ਸੁਣੀ ਅੰਗਰੇਜ਼, ਬੈਠ ਕਰਦੇ ਵਿਚਾਰ,
ਐਸੀ ਹੋਵੇ ਨਾ ਕੋਈ ਕਾਰ,
ਦੂਰ ਕਰਨ ਸਾਡਾ ਰਾਜ ਜੀ।
ਪਿੰਡ ਪਿੰਡ ਤਕੜਾਈ, ਬੈਠ ਗਏ ਨੇ ਸਿਪਾਹੀ,
ਨਿਹਾਲ ਸਿੰਘ ਲਿਖਣ ਨਾਮ,
ਲੌਣ ਹਾਜ਼ਰੀ ਹਿਸਾਬ ਜੀ।"

ਇਕ ਅਗਿਆਤ ਨਾਮਧਾਰੀ ਕਵੀ, ਭਾਈ ਨਿਹਾਲ ਸਿੰਘ ਦੁਆਰਾ, ਉਨ੍ਹੀਵੀਂ ਸਦੀ ਦੇ ਆਖਰੀ ਦੋ ਦਹਾਕਿਆਂ ਵਿਚ ਲਿਖੀ ਗਈ 'ਬਾਰਾਂ ਮਾਹ' ਨਾਮ ਦੀ ਕਾਵਿ ਰਚਨਾ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਦੇ ਕੌਮੀ ਮੁਕਤੀ ਅਤੇ ਸਿਖ-ਪੁਨਰ ਸੁਰਜੀਤੀ ਲਈ ਵਿੱਢੇ, ਕੂਕਾ ਸੰਗਰਾਮ ਦੀ ਧਮਕ ਪੈਂਦੀ ਦਿਸਦੀ ਹੈ। ਅਨੰਦ ਮਰਿਆਦਾ ਦੀ ਸਥਾਪਤੀ ਤੋਂ ਬਾਅਦ ਹੀ ਨਾਮਧਾਰੀ ਸੰਤ ਖਾਲਸੇ ਤੋਂ ਆਪਣੀ ਪੁਸ਼ਤੈਨੀ ਕਮਾਈ ਖੁੱਸਦੀ ਵੇਖ ਕੇ, ਪੋਂਡੂ ਪੁਰੋਹਿਤ ਸ਼ਰੇਣੀ, ਨਵੀਂ ਅੰਗਰੇਜ਼ ਸਰਕਾਰ ਤੋਂ ਨਿਜੀ ਸੁਆਰਥ ਲੈਣ ਵਾਲੀ ਸਾਮੰਤ ਸ਼੍ਰੇਣੀ ਅਤੇ ਸਰਕਾਰ ਦੇ ਸੂਹੀਏ-ਮੁਖਬਰ ਕੂਕਾ ਕ੍ਰਾਂਤੀਕਾਰੀਆਂ ਪਿੱਛੇ ਹਰਲ ਹਰਲ ਕਰਦੇ ਫਿਰਦੇ ਸਨ। ਫਿਰ ਵੀ ਪਿੰਡਾਂ ਦੇ ਪਿੰਡ ਅਤੇ ਤਪਿਆਂ ਦੇ ਤਪੇ ਕੂਕੇ ਜਾਂ ਨਾਮਧਾਰੀ ਬਣ ਕੇ, ਸਤਿਗੁਰੂ ਰਾਮ ਸਿੰਘ ਜੀ ਦੀ ਦੀਨੀ ਅਤੇ ਦੁਨਿਆਵੀ ਅਗੁਆਈ ਕਬੂਲ ਕੇ, ਆਪਣੇ ਆਪ ਨੂੰ ਇਕ ਬਦਲੀ ਸਥਿਤੀ ਵਿਚ ਪਾ ਕੇ ਗੌਰਵੰਤ ਅਨੁਭਵ ਕਰਦੇ ਸਨ। ਸਿੱਖ ਧਾਰਮਕ ਤਖਤਾਂ ਤੀਰਥ ਅਸਥਾਨਾਂ ਦੀ ਪੁਜਾਰੀ ਸ਼੍ਰੇਣੀ ਨੇ ਕੂਕਿਆਂ ਵਿਰੁੱਧ, ਆਪਣੇ ਨਿਯੁਕਤੀ ਕਰਤੇ, ਅੰਗਰੇਜ਼ ਮਾਈ ਬਾਪ ਨੂੰ ਖੁਸ਼ ਕਰਨ ਲਈ, ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਉਚੀ ਸੁੱਚੀ ਰਹਿਣੀ ਬਹਿਣੀ ਵਾਲੇ ਨਾਮਧਾਰੀ ਭਾਈਚਾਰੇ ਨੂੰ, ਗੈਰ ਵਾਜਿਬ ਬਹਾਨਾਬਾਜੀ ਘੜਕੇ, ਸਿੱਖ ਜਗਤ ਤੋਂ ਅਲਹਿਦਗੀ ਦੇ ਫਤਵੇ ਦੇਣੇ ਸ਼ੁਰੂ ਕਰ ਦਿੱਤੇ ਸਨ ਫਿਰ ਵੀ ਕੂਕਿਆਂ ਦੀ ਗਿਣਥੀ ਲੱਖਾਂ ਵਿਚ ਪੁੱਜ ਗਈ ਸੀ।

ਸੰਨ ੧੮੬੨ ਈ. ਜਨਵਰੀ ਮਹੀਨੇ ਮਾਘੀ ਦੇ ਮੇਲੇ ਤੇ ਸਤਿਗੁਰੂ ਰਾਮ ਸਿੰਘ ਜੀ, ਆਪਣੇ ਮਿਸ਼ਨ ਦਾ ਪ੍ਰਚਾਰ ਕਰਦੇ ਮੁਕਤਸਰ ਸਾਹਿਬ ਦੇ ਟੁੱਟੀ ਗੰਢਣ ਵਾਲੇ ਤੀਰਥ ਤੇ ਪੁੱਜੇ। ਬਿਅੰਤ ਸੰਗਤ ਆਪ ਦੇ ਨਾਲ ਸੀ। ਪਿੰਡ ਰਾਇਸਰ (ਪਹਿਲਾਂ ਜ਼ਿਲ੍ਹਾ ਲੁਧਿਆਣਾ ਹੁਣ ਬਰਨਾਲਾ) ਦੇ ਉਤਮ ਸਿੰਘ ਅਤੇ ਹਜਾਰਾ ਸਿੰਘ ਨਾਮ ਦੇ ਦੋ ਸਿੱਖ ਜੋ ਦਮਦਮੀਆਂ ਦੇ ਸਿੱਖ ਸਨ, ਉਹਨਾਂ ਨਾਲ ਮਾਘੀ ਮੇਲੇ ਤੇ ਪੁੱਜੇ। ਉਥੇ ਇਹਨਾਂ ਨੂੰ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ, ਉਸ ਸਮੇਂ ਹੋਏ ਜਦੋਂ ਉਹ ਮੁਹੱਲਾ ਕੱਢਣ ਲਈ ਚੜ੍ਹੇ ਸਨ। ਟਿੱਬੀ ਸਾਹਿਬ ਤੇ ਸੰਗਤ ਧਾਵੇ ਦੇ ਰੂਪ ਵਿਚ ਜਾਂਦੀ ਸੀ। ਪਹਿਲਾਂ ਮੌਜੂਦ ਥਾਣੇਦਾਰ ਰੋਕਦਾ ਰਿਹਾ ਪਰ ਉਸਦੇ ਖੁੱਲ੍ਹ ਦੇਣ ਤੇ ਸਤਿਗੁਰੂ ਜੀ ਨੇ ਭੁਜਾ ਉਠਾ ਕੇ ਸੰਗਤ ਨੂੰ ਧਾਵੇ ਦਾ ਇਸ਼ਾਰਾ ਕਰ ਦਿੱਤਾ। ਸੰਗਤ ਇਉਂ ਮਾਲੂਮ ਹੋਵੇ ਸਭ ਮਾਈ ਭਾਈ, ਬੁੱਢਾ ਬਾਲਾ ਜਿਵੇਂ ਇਕ ਦੂਜੇ ਦੇ ਉਪਰ ਦੀ, ਉਡੀ ਜਾ ਰਹੀ ਹੋਵੇ। ਉਤਮ ਸਿੰਘ ਹੋਰਾਂ ਨੇ ਨਾਲ ਦੇ ਸਿੰਘ, ਹਜਾਰਾ ਸਿੰਘ ਨੂੰ ਕਿਹਾ ਕਿ ਇਹ ਮਨੁੱਖ ਦੀ ਕਾਰ ਨਹੀਂ ਕਿਉਂ ਜੁ ਸਭ ਦੌੜਨ ਵਾਲਿਆਂ ਦੇ ਪੈਰ ਧਰਤੀ ਤੇ ਲੱਗਦੇ ਨਜ਼ਰ ਹੀ ਨਹੀਂ ਆਉਂਦੇ। ਦਰਅਸਲ ਸੰਗਤ ਵਿਚ ਸਤਿਗੁਰੂ ਜੀ ਦਾ ਹੁਕਮ ਮੰਨਣ ਦਾ ਚਾਅ ਹੀ ਇਤਨਾ ਸੀ ਕਿ ਉਹ ਸਰਪੱਟ ਦੌੜਦੀ ਨਜ਼ਰ ਆਈ। ਇਉਂ ਸਤਿਗੁਰੂ ਜੀ ਦੇ ਦੂਰੋਂ ਦਰਸ਼ਨ ਕਰਕੇ ਅਤੇ ਇਸ ਅਲੌਕਿਕ ਪੰਥ ਦੀ ਸ਼ਾਨ ਵੇਖ ਕੇ, ਦੋਵੇਂ ਸਿੰਘ ਪਿੰਡ ਰਾਇਸਰ ਆ ਗਏ।

ਉਤਮ ਸਿੰਘ ਘਰ ਆ ਕੇ, ਆਪਣੇ ਪਿਤਾ ਜੀਵਾ ਸਿੰਘ ਨੂੰ ਕਹਿਣ ਲੱਗੇ ਕਿ ਇਕ ਨਵਾਂ ਪੰਥ ਵੇਖਿਆ ਹੈ, ਬੜੇ ਤੇਜ ਪ੍ਰਤਾਪ ਵਾਲੇ ਸਤਿਗੁਰੂ ਰਾਮ ਸਿੰਘ ਜੀ ਨੇ ਤੋਰਿਆ ਹੈ। ਅਸਲੀ ਸਿੱਖੀ ਤਾਂ ਉਹਨਾਂ ਪਾਸ ਹੈ ਕਿਉਂ ਜੁ ਅਸੀਂ ਦਮਦਮੀਆਂ ਦੇ ਨਾਲ ਉਥੇ ਗਏ ਜਾਂ ਉਹਨਾਂ ਦੀ ਟੋਕਾ ਟਾਕੀ ਕਾਰਨ ਖੁੰਝ ਗਏ ਹਾਂ। ਹੁਣ ਅਸੀਂ ਵੀ ਕੂਕੇ ਬਣ ਜਾਣਾ ਹੈ। ਪਿਤਾ ਨੇ ਕਿਹਾ, "ਇਹੋ ਜਿਹੇ ਪੰਥ ਬੜੇ ਬਣਦੇ ਹਨ ਤੇ ਛੇਤੀ ਹੀ ਮੁੱਕ ਵੀ ਜਾਂਦੇ ਹਨ। ਅਜੇ ਸਾਲ ਛੇ ਮਹੀਨੇ ਇੰਤਜ਼ਾਰ ਕਰ ਲਉ।" ਭਾਈ ਉਤਮ ਸਿੰਘ ਨੇ ਜੁਆਬ ਦਿੱਤਾ ਕਿ ਤੁਸੀਂ ਛੇ

Namdhari Elibrary NamdhariElibrary@gmail.com

ਮਹੀਨਿਆਂ ਦੀ ਗੱਲ ਕਰਦੇ ਹੋ ਸਾਥੋਂ ਤਾਂ ਹੁਣ ਇਕ ਘੜੀ ਵੀ ਨਹੀਂ ਰਿਹਾ ਜਾਂਦਾ। ਦਮੋਦਰ ਕਵੀ ਦੇ ਸ਼ਬਦਾਂ ਮੁਤਾਬਿਕ- "ਜੋ ਦਿਨ ਰਾਂਝਣ ਬਾਝੋਂ ਗੁਜ਼ਰੇ, ਸਾਨੂੰ ਪਛੋਤਾਉ ਉਨ੍ਹਾਂ ਦਾ।" ਸਤਿਗੁਰੂ ਰਾਮ ਸਿੰਘ ਜੀ ਮਾਘੀ ਤੋਂ ਬਾਅਦ, ਮਾਲਵੇ ਦਾ ਦੌਰਾ ਕਰਦੇ ਹੋਏ, ਵਾਪਸ ਸ੍ਰੀ ਭੈਣੀ ਸਾਹਿਬ ਨੂੰ ਪਰਤ ਰਹੇ ਸਨ। ਇਕ ਪੜਾਉ ਗੁੱਜਰਵਾਲ (ਲੁਧਿਆਣਾ) ਵਿਖੇ ਸੀ। ਭਾਈ ਉਤਮ ਸਿੰਘ, ਹਜਾਰਾ ਸਿੰਘ ਹੋਰਾਂ ਨੂੰ ਨਾਲ ਲੈ ਕੇ ਉਥੇ ਪੁੱਜ ਗਏ। ਜਦੋਂ ਸਤਿਗੁਰੂ ਜੀ ਨੂੰ ਇਹਨਾਂ ਨੇ ਮੱਥਾ ਟੇਕਿਆ ਤਾਂ ਆਪ ਜੀ ਦੀਵਾਨ ਅਸਥਾਨ ਨੂੰ ਜਾ ਰਹੇ ਸਨ। ਜਦੋਂ ਉਤਮ ਸਿੰਘ ਹੋਰਾਂ ਚਰਨ ਪਰਸੇ ਤਾਂ ਹੁਕਮ ਕੀਤਾ, "ਭਾਈ ਪਿਆਰਿਆ ਤੁਸੀਂ ਤਾਂ ਅੱਗੇ ਹੀ ਮਿਲੇ ਹੋਏ ਹੋ ਚਲੋ ਦੀਵਾਨ ਦਾ ਦਰਸ਼ਨ ਕਰੋ।" ਦੀਵਾਨ ਵਿਚ ਕੀਰਤਨ ਹੋ ਰਿਹਾ ਸੀ ਤੇ ਸਥਿਤੀ ਭਾਈ ਧਿਆਨ ਸਿੰਘ ਕਾਦਰਾਬਾਦੀ ਦੇ ਵਰਣਨ ਵਰਗੀ ਹੀ ਸੀ-

"ਕਹੂੰ ਜਪ ਗੁਰ ਮੰਤੇ ਊਚ ਰਟੰਤੇ,
ਸਬਦ ਸੁਨੰਤੇ ਕੰਨ ਗੁਰੂ।
ਕਹੂੰ ਢੋਲਕ ਬਾਜਤ ਛੈਣੇ ਛਾਜਤ,
ਧਰਮ ਸੁ ਗਾਜਤ ਧੰਨ ਗੁਰੂ।
ਹੈ੍ ਹੈ੍ ਮਸਤਾਨੇ ਨਚਤ ਦਿਵਾਨੇ,
ਲਾਜ ਭੁਲਾਨੇ ਪ੍ਰੇਮ ਬਸੀ।
ਸਭ ਲਾਲੋ ਲਾਲੇ ਗਿਰਦ ਗੁਪਾਲੇ,
ਬਹੁ ਖੁਸਹਾਲੇ ਨੇਮ ਵਸੀ ॥੪੮॥"

ਦੀਵਾਨ ਦੀ ਸਮਾਪਤੀ ਹੋਈ ਤਾਂ ਉਤਮ ਸਿੰਘ ਹੋਰਾਂ ਦੇ ਇਹ ਪੁੱਛਣ ਤੇ ਕਿ ਕਿੱਥੇ ਬਰਾਜੀਏ ਤਾਂ ਹੁਕਮ ਉਥੇ ਹੀ ਦੀਵਾਨ ਵਿਚ ਬਿਰਾਜਣ ਦਾ ਹੋਇਆ। ਪਰ ਦੀਵਾਨ ਵਿਚ ਭੀੜ ਬੇਬਹਾ ਸੀ। ਸਿੰਘਾਂ ਦੀ ਇਕਾਂਤ ਵਿਚ ਬਿਰਾਜਣ ਦੀ ਮਨਸ਼ਾ ਭਾਂਪਦਿਆਂ ਸਤਿਗੁਰੂ ਜੀ ਨੇ ਇਕ ਬਾਬੇ ਪਾਸ ਭੇਜ ਦਿੱਤਾ। ਉਹ ਬਾਬਾ ਜੀ ਗੁਰੂ ਹੁਕਮ ਨੂੰ ਸਮਝਦਿਆਂ ਆਪ ਭੂਮੀ ਤੇ ਬਿਰਾਜ ਗਏ, ਪਲੰਘ ਦੋਹਾਂ ਸਿੰਘਾਂ ਨੂੰ ਦੇ ਦਿੱਤਾ। ਰਾਤ ਇੱਥੇ ਪਏ ਵੀ ਇਹ ਦੋਵੇਂ ਜਣੇ ਵਿਚਾਰਾਂ ਕਰਦੇ ਰਹੇ ਕਿ ਬਾਪੂ ਜੀ ਕੁਝ ਸਮਾਂ ਉਡੀਕਣ ਲਈ ਕਹਿੰਦੇ ਸਨ। ਅਸੀਂ ਕਾਹਲ ਕੀਤੀ ਹੈ। ਦਮਦਮੀਆਂ ਦੇ ਸਿੱਖ ਸਾਂ। ਇਹਨਾਂ ਦੀਆਂ ਪੱਗਾਂ ਲੱਥ ਜਾਂਦੀਆਂ ਹਨ, ਕੇਸ ਖਿੱਲਰ ਜਾਂਦੇ ਹਨ। ਜੇ ਅਸੀਂ ਇਹਨਾਂ ਦੀ ਕਲਾਮ ਪੁੱਛ ਲਈ ਤਾਂ ਅਸੀਂ ਵੀ ਤਨਖਾਹੀਏ ਹੋ ਜਾਵਾਂਗੇ। ਬੜੀ ਦੁਬਿਧਾ ਵਿਚ ਫਸੇ ਪਏ ਸਨ। ਫਿਰ ਮਨ ਕਰੜਾ ਕਰਕੇ ਦੋਹਾਂ ਨੇ ਫੈਸਲਾ ਕੀਤਾ ਕਿ ਪਹਿਲਾਂ ਇਕ ਹੀ ਪੁੱਛ ਕੇ ਆਵੇ, ਇਹਨਾਂ ਦਾ ਮੰਤਰ ਅਤੇ ਉਹੋ ਜੇ ਯੋਗ ਹੋਵੇ ਤਾਂ ਦੂਜੇ ਨੂੰ ਦੱਸ ਦੇਵੇ। ਜਦੋਂ ਸਤਿਗੁਰੂ ਜੀ ਨਾਮ ਸਿਮਰਨ ਬਾਅਦ ਉਠੇ ਤਾਂ ਇਹਨਾਂ ਅਰਜ਼ ਕੀਤੀ ਕਿ ਸਾਨੂੰ ਨਾਮ ਦਾ ਗੱਫਾ ਬਖਸ਼ੋ। ਦੇਵਨੇਤ ਸਤਿਗੁਰੂ ਜੀ ਨੇ ਬਚਨ ਕੀਤਾ- "ਭਾਈ ਸਾਡੀ ਤਾਂ ਪੱਗ [illegible] ਨਾ ਹੋ ਜਾਇਉ।" ਇਸ ਤੇ ਉਤਮ ਸਿੰਘ ਹੋਰਾਂ ਦੀ ਸੰਸਾ ਨਵਿਰਤੀ ਹੋ ਗਈ। ਕਹਿਣ ਲੱਗਾ- "ਸੱਚੇ ਪਾਤਸ਼ਾਹ ਜੀ ਪੱਗ ਵੀ ਤੇਰੀ, ਲਾਹੁਣ ਵਾਲਾ ਵੀ ਤੂੰ ਹੀ ਹੈ ਅਤੇ ਰੱਖਣ ਵਾਲਾ ਵੀ ਤੂੰ ਹੀ ਹੈ। ਸਾਨੂੰ ਇਸਦਾ ਕੋਈ ਫਿਕਰ ਨਹੀਂ। ਪਰ ਹੁਣ ਨਾਮ ਦਾ ਗੱਫਾ ਛੇਤੀ ਬਖਸ਼ੋ।" ਸਤਿਗੁਰਾਂ ਆਪ ਭਜਨ ਦੇਣ ਦੀ ਕ੍ਰਿਪਾ ਕੀਤੀ। ਇਹ ਹਜਾਰਾ ਸਿੰਘ ਪਾਸ ਜਾਣ ਦੀ ਬਜਾਏ ਵੱਖਰੇ ਹੋ ਕੇ ਸਿਮਰਨ ਵਿਚ ਲੀਨ ਹੋ ਗਏ। ਹਜਾਰਾ ਸਿੰਘ ਨੇ ਵੀ ਸੋਚਾਂ ਵਿਚ ਪਏ ਨੇ ਜਾ ਅਰਜ਼ ਕੀਤੀ ਭਜਨ ਲੈਣ ਦੀ। ਸਤਿਗੁਰੂ ਜੀ ਉਸਦੀ ਮਨੋਸਥਿਤੀ ਨੂੰ ਭਾਂਪਦਿਆਂ ਕਿਹਾ ਕਿ ਭਾਈ ਤੇਰਾ ਨਾਮ ਦੇ ਵਰਗਾ ਤਾਂ ਚਿੱਤ ਨਹੀਂ। ਤੂੰ ਤਾਂ ਢਿੱਲਾ ਹੈ। ਉਸਦੇ ਅਸਰਾਰ ਕਰਨ ਤੇ ਭਜਨ ਦੱਸ ਦਿੱਤਾ। ਉਹ ਸਿੱਖ ਤਾਂ ਰਿਹਾ ਸਾਰੀ ਉਮਰ ਪਰ ਬਿਰਤੀ ਦਾ ਅਨੰਦ ਨਾ ਮਾਣ ਸੱਕਿਆ।1

ਸੰਨ ੧੮੮੦ ਈ. ਦੇ ਅੰਤ ਤੱਕ ਤਿਆਰ ਕੀਤੀ ਗਈ ਅਤੇ ੪ ਫਰਵਰੀ ੧੮੮੧ ਈ. ਨੂੰ, ਸਰਕਾਰੀ ਅਧਿਕਾਰੀਆਂ ਵਾਸਤੇ ਕੂਕਿਆਂ ਦੀ ਨਿਗਰਾਨੀ ਲਈ ਜਾਰੀ ਕੀਤੀ ਗਈ, ਇਕ ਗੁਪਤ ਰੀਪੋਰਟ ਜਿਸ ਵਿਚ ਸਿੱਖ ਰਿਆਸਤਾਂ ਤੋਂ ਬਾਹਰ ਦੇ ਪੰਜਾਬ ਦੇ ੨੫੦ ਤੋਂ ਵੱਧ ਮਹੱਤਵਪੂਰਨ ਕੂਕਿਆਂ ਬਾਰੇ ਇੰਦਰਾਜ਼ ਸਨ, ਉਸ ਵਿਚ ਭਾਈ ਉੱਤਮ ਸਿੰਘ ਬਾਰੇ ਇਹ ਵੇਰਵਾ ਦਰਜ ਹੈ। "ਕਮਿਸ਼ਨਰੀ : ਅੰਬਾਲਾ, ਜ਼ਿਲ੍ਹਾ ਲੁਧਿਆਣਾ, ਜ਼ਿਲ੍ਹੇ ਦਾ ਸੀਰੀਅਲ ਨੰਬਰ-੧੪੨, ਨਾਮ ਉਤਮ ਸਿੰਘ, ਪਿਤਾ ਦਾ ਨਾਮ ਜੀਵਾ ਸਿੰਘ, ਧੰਦਾ-ਖੇਤੀਬਾੜੀ, ਪਿੰਡ-ਰਾਇਸਰ, ਥਾਣਾ-ਸਹਿਣਾ ਨਖਸ਼ਿਖ ਰੰਗ ਪੱਕਾ, ਅੱਖਾਂ ਛੋਟੀਆਂ, ਸਫੇਦ ਦਾਹੜਾ, ਉਮਰ ੪੬ ਸਾਲ ਦੇ ਲਗਭਗ, ਵਿਸ਼ੇਸ਼ ਲੱਛਣ ਸੁਭਾਉ-ਆਪਣੀ ਸਾਰੀ ਜ਼ਮੀਨ ਜਾਇਦਾਦ ਰਹਿਣ ਰੱਖ ਚੁੱਕਿਆ ਹੈ। ਉਹ ਛੇਤੀ ਭੜਕ ਉਠਣ ਵਾਲੇ ਸੁਭਾਉ ਦਾ ਹੈ, ਈਸਾਈਆਂ ਅਤੇ ਮੁਸਲਮਾਨਾਂ ਨਾਲ ਮੇਲ ਜੋਲ ਨਹੀਂ ਰੱਖਦਾ।"2

ਭਾਈ ਉਤਮ ਸਿੰਘ ਦਾ ਪਰਿਵਾਰ, ਜੱਟ ਸਿੱਖਾਂ ਦੇ ਸ਼ੇਰ ਗਿੱਲ ਗੋਤ ਨਾਲ ਸਬੰਧਿਤ ਸੀ। ਈਸਾਈਆਂ ਅਤੇ ਮੁਸਲਮਾਨਾਂ ਤੋਂ ਪਾਸੇ ਰਹਿਣ ਦਾ ਕਾਰਨ, ਉਹਨਾਂ ਦੁਆਰਾ ਪੰਜਾਬ ਵਿਚ ਪੌਣੀ ਸਦੀ ਬਾਅਦ, ਗਊ ਮਾਸ ਦਾ ਸੇਵਨ ਹੋ ਸੱਕਦਾ ਹੈ। ਇਹ ਵੀ ਹੋ ਸੱਕਦਾ ਹੈ ਕਿ ਅਧਿਕਾਰੀ ਵਰਗ ਦੇ ਈਸਾਈ ਮੁਸਲਮਾਨਾਂ ਤੋਂ, ਬਾਬਾ ਜੀ ਆਪਣੀ ਨਾਂਮਿਲਵਰਤਨ ਦੀ ਨੀਤੀ ਤਹਿਤ ਪਰਹੇਜ਼ ਰੱਖਦੇ ਹੋਣ। ਸ਼ਾਤਰ ਕਿਸਮ ਦੇ ਉੱਚ ਪੁਲਿਸ ਅਧਿਕਾਰੀ, ਵੱਸੋਂ ਦੇ ਭਿੰਨ ਭਿੰਨ ਹਿੱਸਿਆਂ ਵਿਚ, ਸੰਪਰਦਾਇਕ ਵਿਭੇਦੀਕਰਣ ਦੀ ਪ੍ਰਕਿਰਿਆ ਤਹਿਤ ਵੀ ਇਹੋ ਜਿਹੀਆਂ ਗੱਲਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰ ਦਿੰਦੇ ਸਨ। ਬਾਬਾ ਜੀ ਦਾ ਪਿੰਡ ਹਿੰਦੂ ਸਿੱਖ, ਮੁਸਲਮਾਨਾਂ ਦੀ ਵੱਸੋਂ ਦਾ ਮਿਲਿਆ ਜੁਲਿਆ ਪਿੰਡ ਸੀ। ਪੇਂਡੂ ਭਾਈਚਾਰੇ ਦੇ ਕਈ ਨਿੱਕੇ ਮੋਟੇ [illegible] ਹੋ ਕੇ

Namdhari Elibrary Namdhari Elibrary@gmail.com

ਮਾਮਲਾ ਡੰਡੇ ਸੋਟੇ ਤੱਕ ਅੱਪੜ ਜਾਂਦਾ ਸੀ। ਪਰ ਇਹ ਆਪਸ ਵਿਚ ਉਲਝਣ ਵਾਲੇ ਲੋਕ, ਅੱਜ ਜਿਉਂ ਪੱਕੀਆਂ ਲੀਹਾਂ ਨਹੀਂ ਸਨ ਵਾਹੁੰਦੇ। ਅੱਜ ਝਗੜਾ ਝਾਂਜਾ ਹੋਇਆ ਤਾਂ ਅਗਲੇ ਭਲਕ ਚਾਰ ਵਡੇਰੇ ਬੰਦਿਆਂ ਦੇ ਫਿੱਟ ਲਾਨਤ ਕਰਨ ਤੇ, ਮੁੜ ਪਹਿਲਾਂ ਜਿਉਂ ਸਰਚ ਪਰਚ ਜਾਂਦੇ ਸਨ। ਭਾਈ ਉਤਮ ਸਿੰਘ ਜਾਂ ਕੋਈ ਵੀ ਸਤਿਗੁਰੂ ਰਾਮ ਸਿੰਘ ਜੀ ਦਾ ਸਿਖ, ਜਿਸ ਉਹਨਾਂ ਦੀ ਉਚੀ ਸੁੱਚੀ ਮਾਨਵਤਾਵਾਦੀ ਨਜ਼ਰੀਏ ਨਾਲ ਓਤ ਪੋਤ, ਸੁਭ ਸਿਖਿਆ ਗ੍ਰਹਿਣ ਕੀਤੀ ਹੋਵੇ, ਉਹ ਸੰਕੀਰਨ ਜਾਂ ਫਿਰਕੂ ਤਅੱਸਬ ਦਾ ਸ਼ਿਕਾਰ ਤਾਂ ਹੋ ਹੀ ਨਹੀਂ ਸੀ ਸੱਕਦਾ, ਜਿਹਨਾਂ ਦੇ ਸਤਿਗੁਰੂ ਦਾ ਆਦੇਸ਼ ਸੀ– "ਰੋਟੀ ਵੱਲੋਂ ਘਰ ਆਇਆ ਬੁੱਚੜ ਨਾ ਮੋੜਨਾ।"

ਭਾਈ ਉਤਮ ਸਿੰਘ ਹੋਰੀਂ ਸਤਿਗੁਰੂ ਜੀ ਦੀ ਸੇਵਾ ਵਿਚ ਆ ਕੇ ਜਿੱਥੇ ਚੜ੍ਹਦੀ ਜਵਾਨੀ ੨੮-੨੯ ਸਾਲ ਦੀ ਆਯੂ ਵਿਚ, ਸੇਵਾ ਸਿਮਰਨ ਦੀ ਮੂਰਤੀ ਬਣ ਗਏ ਸਨ ਉੱਥੇ ਉਹ ਬੀਰ ਰਸ ਵਿਚ ਵੀ ਭਰਪੂਰ ਸਨ, ਇਸੇ ਲਈ ਸਤਿਗੁਰੂ ਜੀ ਉਹਨਾਂ ਨੂੰ ਬੀਰ ਕਿਹਾ ਕਰਦੇ ਸਨ। ਪਿੰਡ ਵਿਚ ਅਨਮਤੀਆਂ ਨਾਲ, ਨਵੇਂ ਉਠੇ ਨਾਮਧਾਰੀ ਸੰਤ ਖਾਲਸੇ ਦੀ, ਕਿਸੇ ਮੁਆਮਲੇ ਵਿਚ, ਟੱਕਰ ਹੋ ਜਾਣੀ ਤਾਂ ਆਮ ਗੱਲ ਸੀ। ਜਿੱਥੇ ਸਮਝਾਉਣੀ-ਦਲੀਲ ਦੇ, ਬਾਕੀ ਹਥਿਆਰ ਖੁੰਢੇ ਹੋ ਜਾਣ ਤਾਂ ਫਿਰ ਟੇਕ, ਬਾਹੂ ਬਲ ਤੇ ਰਹਿ ਜਾਂਦੀ ਸੀ। ਪਿੰਡ ਵਿਚ ਵਾਪਰੀ ਇਸ ਤਰ੍ਹਾਂ ਦੀ ਇਕ ਘਟਨਾ ਦਾ ਜ਼ਿਕਰ, ਆਪ ਦੀ ਜ਼ੁਬਾਨੀ ਸੁਣ ਕੇ, ਉਹਨਾਂ ਦੇ ਸਪੁੱਤਰ ਸੂਬਾ ਮਸਤਾਨ ਸਿੰਘ ਜੀ ਕਾਨੀਬੰਦ ਕਰ ਗਏ ਹਨ–

"ਰਾਇਸਰ ਪਿੰਡ ਵਿਚ, ਅੱਧੇ ਪਿੰਡ ਵਿਚ ਮੁਸਲਮਾਨ ਵੱਸਦੇ ਸਨ। ਓਥੇ ਹਿੰਦੂ ਮੁਸਲਮਾਨਾਂ ਦਾ ਜੰਗ ਹੋ ਪਿਆ। ਜਿਸ ਦਿਨ ਤੋਂ ਭਜਨ ਪੁੱਛਿਆ ਸੀ ਉਸ ਦਿਨ ਤੋਂ ਹਰ ਵਕਤ ਏਹ ਮੰਗ ਰਹਿੰਦੀ ਕਿ ਕਦੋਂ ਖੜਗ ਤਮਾਸ਼ਾ ਦਿਖਾਏਗਾ? ਕੁਦਰਤੀ, ਪਿੰਡ ਵਿਚ ਜੰਗ ਹੋ ਪਿਆ। ਏਧਰੋਂ ਅਸੀਂ ੨੦ ਤੇ ਉਧਰੋਂ ੨੦੦ ਮੁਸਲਮਾਨ, ਅਸਾਂ ਇਕ ਸਲੋਤਰ ਮਾੜੇ ਜੇਹੇ ਮੁਸਲਮਾਨ ਦੇ ਮਾਰਿਆ। ਉਸਨੇ ਸਲੋਤਰ ਫੜ ਕੇ ਬੁੱਕਲ ਵਿਚ ਘੁੱਟ ਲਿਆ। ਸਤਿਗੁਰੂ ਦਰਸ਼ਨ ਦੇ ਕੇ ਕਹਿਣ ਲੱਗੇ, ਏਸੇ ਜ਼ੋਰ ਤੇ ਕਹਿੰਦਾ ਹੁੰਦਾ ਸੀ, ਮੈਨੂੰ ਖੜਗ ਤਮਾਸਾ ਦਿਖਾਲ? ਦੇਖ ਹੁਣ ਮੇਰਾ ਜ਼ੋਰ! ਏਨਾਂ ਬਚਨ ਹੁੰਦਿਆਂ ਹੀ, ਉਸ ਮੁਸਲਮਾਨ ਦੀ ਬੁੱਕਲ ਵਿੱਚੋਂ ਸੋਟਾ ਖਿਚਿਆ ਗਿਆ। ਸਤਿਗੁਰਾਂ ਨੇ ਸਿਰ ਉਤੇ ਢਾਲ ਕਰ ਦਿੱਤੀ। ਉਹਨਾਂ ਦੇ ੨੨ ਆਦਮੀ ਮਰਨ ਦੇ ਕਰੀਬ ਹੋ ਗਏ। ਏਧਰਲੇ ਵੀਹਾਂ ਆਦਮੀ ਵਿਚੋਂ ਕਿਸੇ ਨੂੰ ਵੀ ਕੋਈ ਸੱਟ ਨਾ ਲੱਗੀ। ਜਿਸ ਵੇਲੇ ਅਦਾਲਤ ਵਿਚ ਗਏ, ਜਿਸ ਨੂੰ ਅਦਾਲਤੀਆ ਪੁੱਛੇ, ਤੈਨੂੰ ਕਿਸਨੇ ਮਾਰਿਆ ਹੈ? (ਸ. ਉਤਮ ਸਿੰਘ ਰਾਮਪੁਰੀਏ ਦੇ ਬਾਪ ਦੇ ਪਾਸ ਅਦਾਲਤ ਸੀ) ਓਹੋ ਕਹੇ, ਮੈਨੂੰ ਉਤਮ ਸਿੰਘ ਨੇ ਮਾਰਿਆ ਹੈ। ਸਰਦਾਰ ਕਹਿੰਦਾ ਉਤਮ ਸਿੰਘ ਇਕ ਬੰਦੇ, ੨੨ ਮਾਰੇ ਪਏ ਹਨ, ਸਾਰਿਆਂ ਨੂੰ ਇਸ ਇਕੱਲੇ ਨੇ ਹੀ ਮਾਰਿਆ? ਤੁਸੀਂ ਝੂਠੇ ਆਦਮੀ ਹੋ। ਸਰਦਾਰ ਨੇ ਫੈਸਲਾ ਕਰ ਦਿੱਤਾ ਕਿ ੨੮੦ ਰੁਪੈ ਜੁਰਮਾਨਾ ਦਿਉ। ਅੱਧਾ ਸਾਨੂੰ ਤੇ ਅੱਧਾ ਮੁਸਲਮਾਨਾਂ ਨੂੰ। ਸਾਰੇ ਪਿੰਡ ਨੇ ਜੁਰਮਾਨਾ ਭਰ ਦਿੱਤਾ।"3

੧੮੬੨ ਵਿਚ ਕੂਕੇ ਬਨਣ ਤੋਂ ਬਾਅਦ, ਸੰਨ ੧੮੬੩ ਦੇ ਅੱਧ ਵਿਚ ਭਾਈ ਉਤਮ ਸਿੰਘ ਹੋਰਾਂ ਨੂੰ, ਸ੍ਰੀ ਸਤਿਗੁਰੂ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੀ ਸਰਕਾਰੀ ਆਦੇਸ਼ ਅਨੁਸਾਰ, ਨਜ਼ਰਬੰਦ ਰਹਿਣ ਦਾ ਦੁਖਦ ਸਮਾਚਾਰ ਮਿਲਿਆ। ਹੁਣ ਦੌਰਿਆਂ ਤੇ ਆਉਂਦਿਆਂ ਜਾਂਦਿਆਂ ਇਲਾਕੇ ਵਿਚੋਂ ਲੰਘਦਿਆਂ ਦੇ, ਸਤਿਗੁਰੂ ਦਰਸ਼ਨ ਅਸੰਭਵ ਹੋ ਗਏ। ਪਰ ਗੁਰੂ ਕੇ ਪਿਆਰੇ ਹਰ ਮੁਸ਼ਕਿਲ ਦਾ ਕੋਈ ਨਾ ਕੋਈ ਹੱਲ ਲੱਭ ਲੈਂਦੇ ਹਨ। ਬਾਬਾ ਜੀ ਦੇ ਆਤਮ ਬਿਰਤਾਂਤ ਵਿਚ ਜੋ ਸੂਬਾ ਮਸਤਾਨ ਸਿੰਘ ਹੋਰਾਂ ਨੇ ਸੁਣ ਕੇ ਨੋਟ ਕੀਤਾ, ਭੈਣੀ ਸਾਹਿਬ ਦੇ ਹਫਤੇਵਾਰ ਦਰਸ਼ਨ ਕਰਨ, ਭੈਣੀ ਸਾਹਿਬ ਅਤੇ ਸਤਿਗੁਰੂ ਦਰਸ਼ਨ ਦੇ ਮਹਾਤਮ ਅਤੇ ਸਿੱਖੀ ਦੀਆਂ ਬਾਰੀਕੀਆਂ ਨੂੰ, ਜਗਿਆਸੂਆਂ ਵਾਸਤੇ ਲਿਖ ਕੇ ਸਾਂਭ ਲਿਆ ਗਿਆ ਹੈ–

"ਆਪ ਨੇ ਨਿਯਮ ਕੀਤਾ ਹੋਇਆ ਸੀ ਕਿ ਅਠਵੇਂ ਦਿਨ ਸਤਿਗੁਰਾਂ ਦੇ ਦਰਸ਼ਨ ਕਰਨੇ ਹਨ। ਪੈਂਤੀ ਕੋਹ ਪੈਂਡਾ ਹੈ। (੮੨ ਕਿਲੋਮੀਟਰ)। ਇਕ ਦਿਨ ਵਿਚ ਰਾਇਸਰੋਂ ਤੁਰ ਕੇ ਭੈਣੀ ਸਾਹਿਬ ਪਹੁੰਚਣਾ। ਸਾਰੀ ਰਾਤ ਸਤਿਗੁਰਾਂ ਦੀ ਸੇਵਾ ਕਰਨੀ, ਪੱਖਾ ਝੱਲਣਾ। ਸੌਣਾ ਨਹੀਂ। ਮੁੜਕੇ ਦੋ ਦਿਨਾਂ ਵਿਚ ਜਾਣਾ। ਪੰਜ ਦਿਨ ਘਰ ਰਹਿਣਾ। ਛੇ ਮਹੀਨੇ ਲਗਾਤਾਰ, ਏਸੇ ਤਰ੍ਹਾਂ ਲਗਾਤਾਰ ਹਰ ਅਠਵੇ ਦਿਨ ਦਰਸ਼ਨ ਕਰਨ ਲਈ ਆਉਂਦੇ। ਇਕ ਦਿਨ ਸਤਿਗੁਰਾਂ ਬਚਨ ਕੀਤਾ–ਭਾਈ ਉਤਮ ਸਿੰਘਾ! ਜੋ ਇਸ ਭੈਣੀ ਸਾਹਿਬ ਦੇ ਉਤੋਂ ਦੀ ਜਾਨਵਰ ਵੀ ਉਡ ਕੇ ਲੰਘ ਜਾਏਗਾ ਸਭ ਬੈਕੁੰਠ ਧਾਮ ਨੂੰ ਜਾਇਗਾ। ਅਸਾਂ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੀ, ਮੈਨੂੰ ਇਹ ਪ੍ਰਤੀਤ ਹੈ ਜਿਸ ਜੀਵ ਨੇ ਤੇਰਾ ਦਰਸ਼ਨ ਕਰ ਲਿਆ ਉਸ ਨੂੰ ਜਮਾਂ ਦੀ ਫਾਂਸੀ ਨਹੀਂ ਪਵੇਗੀ।...ਸੱਚੇ ਪਾਤਸ਼ਾਹ ਜੀ ਜਿਸਨੂੰ ਆਪਨੇ ਭਜਨ ਦੱਸ ਦਿੱਤਾ ਹੈ ਜਿਹੜਾ ਕੋਈ ਉਸਦਾ ਦਰਸ਼ਨ ਕਰ ਲਵੇਗਾ, ਉਸਨੂੰ ਵੀ ਜਮਾਂ ਦੀ ਫਾਸੀ ਨਹੀਂ ਪੈ ਸਕਦੀ। ਫੇਰ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀ! ਅੱਗੇ ਅਕਾਲ ਪੁਰਖ ਨੇ ਇਸ ਤਰ੍ਹਾਂ ਜੀਵਾਂ ਨੂੰ ਦਰਸ਼ਨ ਨਹੀਂ ਦਿੱਤਾ। ਜਿਸ ਤਰ੍ਹਾਂ ਹੁਣ ਆਪ ਖੁਦ ਅਕਾਲ ਪੁਰਖ ਆਇਆ ਹੈ। ਆਪ ਦੀ ਰਸਨ ਨਾਲ ਸਾਨੂੰ ਭਜਨ ਦੱਸਿਆ। ਫੇਰ ਸਾਡੇ ਚਿੱਤਾਂ ਨੂੰ ਸ਼ਾਂਤ ਕਿਉਂ ਨਹੀਂ ਆਉਂਦੀ? ਸਤਿਗੁਰਾਂ ਕਿਹਾ, ਭਾਈ! ਸ਼ੁਕਰ ਮੰਨੋ। ਤਿੰਨ ਵਾਰੀ ਅਰਜ਼ ਕੀਤੀ, ਤਿੰਨੇ ਵਾਰੀ ਏਹੀ ਹੁਕਮ ਹੋਇਆ ਕਿ ਸ਼ੁਕਰ ਮੰਨੋ।

"ਫੇਰ ਇਕ ਦਿਨ ਅਰਜ਼ ਕੀਤੀ ਕਿ ਉਹ ਕਿਹੜਾ ਪੁੰਨ ਸੀ ਜਿਸ ਕਰਕੇ ਆਪ ਦਾ ਦਰਸ਼ਨ ਹੋਇਆ ਹੈ। ਸਤਿਗੁਰਾਂ ਕਿਹਾ ਕਿ

ਭਾਈ! ਜੀਵ ਕੀ ਕਰਮ ਕਰਨ ਜੋਗਾ ਹੈ। "ਤਰਸ ਪਇਆ ਮਿਹੰਮਤਿ ਹੋਈ" ਏਹ ਤੁਕ ਪੜ੍ਹੀ। ਜੀਵ ਉਤੇ ਤਰਸ ਆਇਆ ਹੈ, ਏਸੇ ਵਾਸਤੇ ਥੋਨੂੰ ਦਰਸ਼ਨ ਹੋਇਆ ਹੈ। ਏਹ ਬਚਨ ਸੁਣ ਕੇ ਚਿੱਤ ਨੂੰ ਸ਼ਾਂਤ ਹੋਈ, ਨਮਸਕਾਰ ਕੀਤੀ।"4

ਭਾਈ ਉਤਮ ਸਿੰਘ ਸ੍ਰੀ ਸਤਿਗੁਰੂ ਜੀ ਦੇ ਰੰਗ ਵਿਚ, ਪੂਰੀ ਤਰ੍ਹਾਂ ਰੰਗੇ ਗਏ ਸਨ। ਉਹਨਾਂ ਦੇ ਮਿਸ਼ਨ ਦੇ ਪ੍ਰਚਾਰ ਪ੍ਰਸਾਰ ਵਾਸਤੇ, ਆਪ ਪਿੰਡ ਅਤੇ ਇਲਾਕੇ ਵਿਚ ਸਰਗਰਮ ਰਹਿੰਦੇ। ਆਲੇ ਦੁਆਲੇ ਦੇ ਸਿੰਘ ਵੀ ਅਕਸਰ ਆਪ ਪਾਸ ਆਏ ਰਹਿੰਦੇ। ਇਸ ਲਈ ਘਰ ਵਿਚ ਗੁਰੂ ਕਾ ਲੋਹ-ਲੰਗਰ ਵੀ ਤਪਦਾ ਰਹਿੰਦਾ। ਕਿਸੇ ਲੋੜਵੰਦ ਅਭਿਆਗਤ ਲਈ ਆਪ ਦੇ ਘਰ ਦਾ ਬੂਹਾ, ਹਮੇਸ਼ਾ ਖੁੱਲ੍ਹਾ ਰਹਿੰਦਾ। ਭੂਮੀ ਗਿਰਵੀ ਰੱਖ ਕੇ ਵੀ ਉੜਿਆਂ ਥੁੜਿਆਂ ਦੀ ਮੱਦਦ ਤੋਂ ਪਰਹੇਜ਼ ਨਹੀਂ ਸਨ ਕਰਦੇ। ਪਿੰਡ ਵਿਚ ਪਹਿਲਾਂ ਜ਼ਿਮੀਦਾਰਾ ਚੰਗਾ ਸੀ। ਇਸੇ ਕਾਰਨ ਆਪ ਦੇ ਭਾਈ ਨੱਥਾ ਸਿੰਘ ਨੂੰ ਲੰਬੜਦਾਰੀ ਮਿਲੀ ਸੀ। ਹੌਲੀ-ਹੌਲੀ ਘਰ ਦੀ ਹਾਲਤ ਵੀ ਪਤਲੀ ਹੋ ਗਈ। ਪਰ ਆਪ ਦੇ ਸਿੱਖੀ ਸਿਦਕ ਵਿਚ ਕੋਈ ਫਰਕ ਨਾ ਪਿਆ। ਸਤਿਗੁਰੂ ਰਾਮ ਸਿੰਘ ਜੀ ਦੇ ਜਸਵਿੰਦਰ ਸਿੰਘ ਦੁਆਰਾ ਸੰਪਾਦਿਤ ਹੁਕਮਨਾਮਿਆਂ ਵਿਚ, ਰਹਿਤਨਾਮੇ ਤੋਂ ਬਾਅਦ ਜੋ ਦੂਸਰੇ ਨੰਬਰ ਤੇ ਹੁਕਮਨਾਮਾ ਆਉਂਦਾ ਹੈ, ਉਸ ਵਿਚ ਅਨੰਦ ਮਰਿਆਦਾ ਤੋਂ ਬਾਅਦ ਪੈਦਾ ਹੋਈ ਸਥਿਤੀ, ਸਰਕਾਰੀ ਅਧਿਕਾਰੀ ਵਲੋਂ ਪੰਥ ਦੀ ਨਿਗਰਾਨੀ ਕਰਨ ਅਤੇ ਮੁਖਬਰਾਂ ਵਲੋਂ ਨਾਮਧਾਰੀ ਸਿੱਖਾਂ ਲਈ ਪਰੇਸ਼ਾਨੀਆਂ ਪੈਦਾ ਕਰਨ ਬਾਰੇ ਸਤਿਗੁਰੂ ਜੀ, ਮਾਲਵੇ ਦੀ ਸੰਗਤ ਦੀ ਮਾਰਫਤ ਆਪਣੇ ਸਿੰਘਾਂ ਨੂੰ ਸ਼ਾਂਤਗੀ ਫੜਨ ਅਤੇ ਖਿਮਾਂ ਧੀਰਜ ਕਰਨ ਦਾ ਉਪਦੇਸ਼ ਦਿੰਦੇ ਹਨ। ਭਲਾਈ ਦੇ ਕੰਮ ਕਰਨ ਲਈ ਕਹਿੰਦੇ ਹਨ। "ਚਾਹੇ ਕੋਈ ਕਿਸੇ ਨੂੰ ਮਾਰੇ ਤਾਂ ਬੀ ਸਬਰ ਕਰ ਜਾਣਾ। ਪ੍ਰਮੇਸਰ ਖਿਮਾ ਧੀਰਜ ਵਾਲਿਆਂ ਦੇ ਸਦਾ ਅੰਗ ਸੰਗ ਹੈ ਜੀ।" ਇਸ ਹੁਕਮਨਾਮੇ ਵਿਚ ਜੋ ੧੯੬੩ ਦੇ ਮਗਰਲੇ ਅੱਧ ਵਿਚ ਸ੍ਰੀ ਭੈਣੀ ਸਾਹਿਬ ਤੋਂ ਸੰਗਤ ਵੱਲ ਸਾਦਰ ਕੀਤਾ ਗਿਆ ਹੈ ਇਸ ਗੁਰਵਾਕ ਨੂੰ ਸ਼ਾਮਲ ਕਰਕੇ-

ਜਿਨ੍ਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥<br>
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥

ਜਿਹਨਾਂ ਸਿੰਘਾਂ ਨੂੰ ਸੰਬੋਧਿਤ ਕੀਤਾ ਗਿਆ ਹੈ, ਉਸ ਵਿਚ ਕੁਝ ਮੁਖੀ ਸੂਬਿਆਂ ਤੋਂ ਇਲਾਵਾ ਜਿਹੜੇ ਚਾਰ ਸਿੰਘਾਂ ਦੇ ਨਾਮ ਹਨ ਉਹਨਾਂ ਵਿਚ "ਉਤਮ ਸਿੰਘ ਦੋਨੋ" ਕਰਕੇ ਲਿਖਿਆ ਮਿਲਦਾ ਹੈ। ਇਹ ਇਕ ਉਤਮ ਸਿੰਘ ਤਾਂ ਇਹੋ ਰਾਇਸਰੀਆ ਜੀ ਹਨ ਤੇ ਦੂਸਰਾ ਉਤਮ ਸਿੰਘ, ਕਾਹਨ ਸਿੰਘ ਦਾ ਸਪੁੱਤਰ ਪਿੰਡ ਅੱਚਰਵਾਲ (ਲੁਧਿਆਣਾ) ਹੈ।5 ਇਸ ਹੁਕਮਨਾਮੇ ਦੁਆਰਾ ਭਾਈ ਉਤਮ ਸਿੰਘ ਰਾਇਸਰੀਏ ਦਾ, ਨਾਮਧਾਰੀ ਇਤਿਹਾਸ ਵਿਚ ਆਦਰਜੋਗ ਸਥਾਨ ਸੁਨਿਸ਼ਚਿਤ ਹੁੰਦਾ ਹੈ। ਇਹ ਦੂਸਰਾ ਉਤਮ ਸਿੰਘ ਅੱਚਰਵਾਲ ਵੀ ਸਰਕਾਰ ਦੀ ਅੱਖ ਵਿਚ ਰੜਕਣ ਵਾਲਾ ਕੂਕਾ ਸੀ। ਪਰਦੇਸ ਗਵਨ ਤੋਂ ਬਾਅਦ ਰੰਗੂਨ ਵਿਚੋਂ ਗੁਰੂ ਹਰੀ ਸਿੰਘ ਜੀ ਦੇ ਨਾਮ ਭੇਜੇ ਹੁਕਮਨਾਮੇ ਵਿਚ, ਸਤਿਗੁਰੂ ਜੀ ਮਾਲਵੇ ਦੇ ਉਸ ਸਮੇਂ ਦੇ ਜਿਹਨਾਂ ੧੫ ਮੁਖੀ ਗੁਰੂ ਪਿਆਰੇ ਕੂਕੇ ਸਿੰਘਾਂ ਦੇ ਨਾਮ ਲਿਖਦੇ ਹਨ, ਉਹਨਾਂ ਵਿਚ ਆਪ ਦਾ ਨਾਂ "ਉਤਮ ਸਿੰਘ ਰਾਇਸਰੀਆ" ਕਰਕੇ ਸਤਵੇਂ ਨੰਬਰ ਤੇ ਲਿਖਿਆ ਮਿਲਦਾ ਹੈ।6

ਸੰਨ ੧੯੭੦ ਈ. ਦੀਆਂ ਗਰਮੀਆਂ ਵਿਚ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਮਾਲਵੇ ਦਾ ਦੌਰਾ ਅਰੰਭ ਕੀਤਾ। ਰੂਮੀ, ਸਹਿਜੜਾ, ਬਾਜਾਖਾਨਾ, ਸੋਥਾ, ਸੁੰਨੀਆ ਦਾ ਠੱਕ, ਨਥਾਣਾ, ਲੱਲੂ ਵਾਲ, ਖੁੱਡੀ, ਗਹਿਲਾ, ਮੂਮ, ਰੂਮੀ, ਅਨੂਰ ਆਦਿ ਪਿੰਡਾਂ ਵਿਚ ਦਰਸ਼ਨ ਦਿੱਤੇ। ਰਾਇਸਰ ਪਿੰਡ ਵਿਚ ਭਾਈ ਉਤਮ ਸਿੰਘ ਪਾਸ ਨਿਵਾਸ ਕੀਤਾ। ਇਹ ਉਹ ਸਮਾਂ ਸੀ ਜਦੋਂ ਸਰਕਾਰੀ ਖੁਫੀਆ ਤੰਤਰ ਦੀ ਸੂਚਨਾ ਮੁਤਾਬਿਕ, ਮਾਰਚ ਅਪ੍ਰੈਲ ੧੮੭੨ ਈ. ਤੱਕ, ਸ੍ਰੀ ਸਤਿਗੁਰੂ ਜੀ ਆਪਣੀ ਕੂਕਾ ਜਥੇਬੰਦੀ ਦੇ ਕੌਮੀ ਤੇ ਕੌਮਾਂਤਰੀ ਪਸਾਰਾਂ ਦਾ ਵਿਸਥਾਰ ਕਰਕੇ, ਬਸਤੀਵਾਦੀ ਰਾਜ ਸੱਤਾ ਖਿਲਾਫ, ਵਿਆਪਕ ਕੂਕਾ ਸੰਗਰਾਮ ਦੀ ਰੂਪ ਰੇਖਾ ਉਲੀਕ ਰਹੇ ਸਨ। ਇਸ ਲਈ ਆਪ ਆਪਣੇ ਸਿੰਘਾਂ ਨੂੰ ਨਵੀਆਂ ਉਸਾਰੀਆਂ ਹਾਲ ਦੀ ਘੜੀ ਸਥਗਿਤ ਕਰਨ, ਨਗਦ ਨਾਵਾਂ ਆਪਣੇ ਹੱਥਾਂ ਹੇਠ ਰੱਖਣ ਦੀਆਂ ਹਦਾਇਤਾਂ ਦੇ ਰਹੇ ਸਨ ਤਾਂਕਿ ਲੋੜ ਅਨੁਸਾਰ ਵਰਤੋਂ ਕੀਤੀ ਜਾ ਸੱਕੇ। ਇਸ ਘਟਨਾ ਦਾ ਵੇਰਵਾ ਸਮਕਾਲੀ ਇਤਿਹਾਸਕਾਰ ਭਾਈ ਸੰਤੋਖ ਸਿੰਘ ਬਾਹੋਵਾਲ ਦੀ ਰਚਨਾ ਵਿਚ ਦਰਜ ਹੈ। "ਉਤਮ ਸਿੰਘ ਨੰਬਰਦਾਰ ਕਹਿਆ ਜੀ ਜੇ ਕਰ ਭਾਣਾ ਵਰਤੇਗਾ ਤਾਂ ਆਵਾ ਲੱਗਾ ਹੋਇਆ ਹੈ। ਮੈਂ ਹਵੇਲੀ ਪਾਇ ਲਵਾਂ ਜੇ ਆਪ ਹੁਕਮ ਦੇਵੇ ਤਾਂ ਬਚਨ ਹੋਇਆ ਆਵਾ ਈ ਬੇਚ ਲੈ। ਪੌਣੀਆਂ ਕਾਹਨੂੰ ਹੈ। ਪਈਆਂ ਪੁਆਈਆਂ ਲੈ ਲਵਾਂਗੇ। ਉਸਨੇ ਬਚਨ ਮੰਨ ਕੇ ਆਵਾਈ ਬੇਚ ਲੀਆ।"7

ਦਰਅਸਲ ਸੰਭਾਵਿਤ ਵਿਦਰੋਹ ਦਾ ਅਰੰਭ ਹੋਣਾ ਹੀ ਕੂਕਿਆਂ ਦੇ ਕੂਟਨੀਤਿਕ ਬੋਲਿਆਂ ਵਿਚ, ਭਾਣਾ ਵਰਤਣਾ ਸੀ ਜਿਸ ਦੁਆਰਾ, ਉਹ ਗੋਰਾਸ਼ਾਹੀ ਦਾ ਬਿਸਤਰ ਬੋਰੀਆ ਵਲ੍ਹੇਟਣ ਲਈ, ਉਤਾਵਲੇ ਰਹਿੰਦੇ ਸਨ ਅੱਠੇ ਪਹਿਰ। ਭਾਣੇ ਦੇ ਸਰੂਪ ਸਮੇਂ ਸਮੇਂ ਬਦਲਦੇ ਰਹੇ। ਸਤਿਗੁਰੂ ਜੀ ਦੀ ਜਲਾਵਤਨੀ ਬਾਅਦ ਸ਼ਕਤੀਸ਼ਾਲੀ ਰੂਸ ਸਰਕਾਰ ਦੀ ਸੈਨਿਕ ਮੱਦਦ ਨਾਲ ਵਿਉਂਤਬੰਦੀ, ਕੂਕਾ ਸਿੰਘਾਂ ਦੀ ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਦੀ ਪ੍ਰੇਰਣਾ ਤਹਿਤ ਯੋਜਨਾ ਸੀ ਜਿਸ ਵਿਚ ਬਾਅਦ ਵਿਚ ਅੰਤਿਮ ਸਿਖ ਮਹਾਰਾਜਾ ਦਲੀਪ ਸਿੰਘ ਵੀ ਸ਼ਾਮਲ ਹੋ ਗਿਆ ਸੀ। ਲੰਮਾ ਸਮਾਂ ਨਾਮਧਾਰੀ ਰੂਸ ਜਾਂ ਰੂਸੀ ਸੈਨਾ ਦੇ ਆਉਣ ਨਾਲ ਭਾਣਾ ਵਾਪਰਨ ਦਾ ਸਮਾਂ ਉਡੀਕਦੇ ਰਹੇ। ਇਹ ਭਾਣਾ ਇਸ ਕਦਰ ਉਹਨਾਂ ਦੇ ਅੰਤਰ

Namdhari Elibrary NamdhariElibrary@gmail.com

ਆਤਮੇ ਦਾ ਹਿੱਸਾ ਬਣ ਚੁੱਕਾ ਸੀ ਕਿ ਉਹ ਅੱਠਾਂ ਪਹਿਰਾਂ ਵਿਚ ਕੁਝ ਸਮਾਂ ਭਾਣੇ ਦੇ ਬਚਨ ਕਰਨ ਨੂੰ ਹੀ ਆਪਣੇ ਸਤਿਗੁਰੂ ਜੀ ਦਾ ਹੁਕਮ ਸਮਝਕੇ, ਇਸਨੂੰ ਸਿਮਰਨ, ਕਥਾ, ਕੀਰਤਨ ਜਿਉਂ ਹੀ ਆਪਣੀ ਧਾਰਮਿਕ ਮਰਿਆਦਾ ਦਾ ਇਕ ਮਹੱਤਵਪੂਰਨ ਅੰਗ ਬਣਾ ਚੁੱਕੇ ਸਨ।

ਭਾਈ ਉਤਮ ਸਿੰਘ ਦਾ ਦੂਜਾ ਭਾਈ ਨੱਥਾ ਸਿੰਘ ਲੰਬੜਦਾਰ ਸੀ। ਪਰਿਵਾਰ ਵਿਚ ਇਕ ਭਰਾ ਲੰਬੜਦਾਰ ਹੋਵੇ ਤਾਂ ਕਈ ਵੇਰ ਦੂਜਿਆਂ ਨੂੰ ਵੀ ਲੰਬੜਦਾਰ ਕਹਿਣ ਲੱਗ ਪੈਂਦੇ ਹਨ। ੧੮੭੨ ਈ. ਦੇ ਮਾਘੀ ਮੇਲੇ ਵੇਲੇ ਸਾਕਾ ਮਲੇਰਕੋਟਲਾ ਅਤੇ ਦੇਸ਼ ਨਿਕਾਲੇ ਦੀ ਪੂਰਵ ਸੰਧਿਆ ਸਮੇਂ, ਭਾਈ ਉਤਮ ਸਿੰਘ ਰਾਇਸਰੀਆ ਆਪਣਾ ਭਾਈ ਸਮੇਤ, ਸ੍ਰੀ ਭੈਣੀ ਸਾਹਿਬ ਵਿਖੇ ਹਾਜ਼ਰ ਸਨ। ਬਾਬਾ ਜੀ ਦਾ ਸਵੈ ਕਥਨ, ਉਹਨਾਂ ਦੇ ਸਪੁੱਤਰ ਦੇ ਲਿਖਤੀ ਸ਼ਬਦਾਂ ਵਿਚ ਸਾਡੇ ਇਤਿਹਾਸ ਵਿਚ ਦਰਜ ਹੋ ਚੁੱਕਾ ਹੈ। "ਜਿਸ ਵੇਲੇ ਮਸਤਾਨੇ ਸਿੰਘ ਮਲੇਰਕੋਟਲੇ ਨੂੰ ਚਲੇ ਗਏ ਸਨ, ਸਤਿਗੁਰਾਂ ਨੇ ਸਾਰੀ ਸੰਗਤ ਨੂੰ ਹੁਕਮ ਦਿੱਤਾ, ਸਭ ਚਲੇ ਜਾਓ। ਮੇਰਾ ਭਰਾ ਸੀ ਨੱਥਾ ਸਿੰਘ ਨੰਬਰਦਾਰ। ਉਸ ਕਿਹਾ, ਚਲੋ, ਅਸੀਂ ਛੇਤੀ ਚੱਲੀਏ ਸਾਡੇ ਉਤੇ ਮੁਖਬਰੀ ਹੋ ਜਾਏਗੀ। ਮੈਂ ਕਿਹਾ, ਕਿੱਧਰ ਜਾਈਏ। ਸਾਨੂੰ ਜਾਣ ਨੂੰ ਕੋਈ ਥਾਉਂ ਨਹੀਂ। ਸਤਿਗੁਰਾਂ ਨੇ ਕਾਲਾ ਕੰਬਲ ਉਤੇ ਲਿਆ ਹੋਇਆ ਸੀ ਤੇ ਚੁੱਪ ਕਰਕੇ ਬੈਠੇ ਹੋਏ ਸਨ। ਸਯਾਮ ਰੰਗ ਹੋਇਆ ਤੇ ਏਹੀ ਕਹਿ ਰਹੇ ਸਨ ਕਿ ਸਭ ਚਲੇ ਜਾਓ। ਮੈਂ ਜਾ ਕੇ ਹੱਥ ਜੋੜ ਕੇ ਖਲੋਅ ਗਿਆ। ਸਤਿਗੁਰਾਂ ਬਚਨ ਕੀਤਾ "ਭਾਈ ਉਤਮ ਸਿੰਘ ਕੀ ਸੀ, ਕੀ ਹੋ ਗਿਆ।" ਅਸਾਂ ਅਰਜ਼ ਕੀਤੀ-ਸਾਨੂੰ ਕੋਈ ਪਤਾ ਨਹੀਂ ਕੀ ਤੂੰ ਅੱਗੇ ਕੀਤੀ ਹੈ ਤੇ ਕੀ ਅੱਗੇ ਨੂੰ ਕਰੇਂਗਾ।" ਮੈਂ ਅਰਜ਼ ਕੀਤੀ, "ਸੱਚੇ ਪਾਤਸ਼ਾਹ ਜੀ ਕਦੋਂ ਦਰਸ਼ਨ ਹੋਣਗੇ?" ਸਤਿਗੁਰਾਂ ਤਿੰਨ ਵਾਰੀ ਬਚਨ ਕੀਤਾ, "ਜਦੋਂ ਤੇਰਾ ਚਿਤ ਕਰੇ ਦਰਸ਼ਨ ਕਰ।" ਫੇਰ ਅਸੀਂ ਬਚਨ ਮੰਨ ਕੇ ਘਰ ਨੂੰ ਆ ਗਏ।"੮

ਪਿੰਡ ਰਾਇਸਰ ਵਿਚ ਇਕ ਐਸਾ ਪਰਿਵਾਰ ਸੀ ਜਿਹਨਾਂ ਵਿਚ ਪਿਤਾ ਪੁਰਖੀ ਕੋਈ ਵੱਡਾ ਰੋਗ ਤੁਰਿਆ ਆਉਂਦਾ ਸੀ। ਤੇ ਉਸ ਪਰਿਵਾਰ ਵਿਚੋਂ ਜਿਤਨੇ ਵੀ ਮਰਦੇ ਸਨ, ਉਹ ਵੱਡੇ ਦੁੱਖ ਨਾਲ ਦੁਖੀ ਹੋ ਕੇ ਮਰਦੇ। ਭਾਈ ਉਤਮ ਸਿੰਘ ਹੋਰਾਂ ਨੂੰ ਸ੍ਰੀ ਭੈਣੀ ਸਾਹਿਬ ਨਿਮਾਣੀ ਦੇ ਮੇਲੇ ਸਮੇਂ, ਕਿਸੇ ਸਾਲ ਉਸ ਪਰਿਵਾਰ ਦੀ ਇਹ ਦੁੱਖ-ਕਥਾ, ਸਤਿਗੁਰੂ ਜੀ ਨੂੰ ਸੁਣਾਈ। ਆਪ ਨੇ ਹੁਕਮ ਦਿੱਤਾ ਕਿ ਇੱਥੇ ਲੈ ਆਉ। ਉਹ ਤੁਰਨ ਫਿਰਨ ਤੋਂ ਆਤੁਰ ਸੀ। ਸੁੱਧੂ ਨਾਮ ਸੀ। ਭਾਈ ਜੀ ਨੇ ਜੱਫਾ ਭਰ ਕੇ ਉਸ ਨੂੰ ਘੋੜੀ ਤੇ ਬਹਾ ਲਿਆ ਤੇ ਰਾਮਸਰ ਇਕ ਬੇਰੀ ਦੇ ਹੇਠ ਲਿਆ ਉਤਾਰਿਆ। ਇਕ ਬੇਲਾ ਸਿੰਘ ਵੀ ਦੁਖੀ ਸੀ ਉਹ ਵੀ ਨਾਲ ਆ ਗਿਆ। ਪਿੰਡ ਦੀ ਹੋਰ ਸੰਗਤ ਉਹਨਾਂ ਤੇ ਗਿਲਾਨੀ ਕਰਦੀ ਸੀ ਕਿ ਕਿਉਂ ਇਹੋ ਜਿਹੇ ਦੁੱਖ ਵਾਲਿਆਂ ਦੇ, ਲਾਲ ਛੋਹ ਰਿਹਾ ਹੈ। ਪਰ ਭਾਈ ਉਤਮ ਸਿੰਘ ਤਾਂ ਪਰਉਪਕਾਰ ਦੀ ਮੂਰਤੀ ਬਣ ਚੁੱਕੇ ਸਨ। ਦੀਨ ਦੁਖੀਆਂ ਦਾ ਦੁਖ ਦਰਦ ਵੰਡਾਉਣਾ, ਉਹ ਆਪਣਾ ਮਨੁੱਖੀ ਫਰਜ਼ ਸਮਝਦੇ ਸਨ। ਸੋ ਸਤਿਗੁਰੂ ਜੀ ਪਤਾ ਲੱਗਣ ਤੇ ਬੇਰੀ ਪਾਸ ਦੋਹਾਂ ਸਰੀਰਾਂ ਨੂੰ ਦਰਸ਼ਨ ਦੇਣ ਆ ਗਏ ਤਾਂ ਕਿ ਉਹਨਾਂ ਦਾ ਦਰਦ ਵੰਡਿਆ ਜਾ ਸੱਕੇ। ਸੁੱਧੂ ਤਾਂ ਇੱਕੋ ਥਾਂ ਪਿਆ ਰਹਿੰਦਾ ਸੀ, ਬੇਲਾ ਸਿੰਘ ਤੁਰ ਫਿਰ ਸੱਕਦਾ ਸੀ। ਬੇਲਾ ਸਿੰਘ ਸਤਿਗੁਰੂ ਜੀ ਨੂੰ ਮੱਥਾ ਟੇਕਣ ਲਈ ਜਦੋਂ ਅੱਗੇ ਵਧਣ ਲੱਗਾ ਤਾਂ ਉਤਮ ਸਿੰਘ ਹੋਰਾਂ, ਉਸਨੂੰ ਦੂਰੋਂ ਹੀ ਮੱਥਾ ਟੇਕਣ ਅਤੇ ਚਰਨਾਂ ਨੂੰ ਹੱਥ ਨਾ ਲਾਉਣ ਬਾਰੇ ਕਿਹਾ। ਕ੍ਰਿਪਾ ਨਿਧਾਨ ਸਤਿਗੁਰੂ ਜੀ ਨੇ ਫੁਰਮਾਇਆ, "ਭਾਈ ਜੇ ਮੇਰੇ ਪੈਰੀਂ ਹੱਥ ਲਾਇਆ ਕਿਸੇ ਦਾ ਭਲਾ ਹੁੰਦਾ ਹੈ ਤਦ ਏਸ ਨੂੰ ਲਾ ਲੈਣ ਦੇਹ, ਘੂਰ ਨਾ।" ਸੁੱਧੂ ਨੂੰ ਭਜਨ ਸੁਣਾ ਕੇ ਸਤਿਗੁਰੂ ਜੀ ਨੇ ਕਿਹਾ ਕਿ ਜਿਤਨਾ ਹੋ ਸੱਕੇ ਬੇਸ਼ਕ ਦੋ ਤਿੰਨ ਵੇਰ ਦਿਨ ਵਿਚ ਇਹ ਭਜਨ ਦਾ ਨਾਮ ਦੂਹਰਾ ਛੱਡੀਂ। ਪਿੰਡ ਜਾ ਕੇ ਛੇਵੇਂ ਦਿਨ ਉਸ ਕੁਸ਼ਟੀ ਸਰੀਰ ਦਾ ਅੰਤ ਹੋ ਗਿਆ। ਬਾਅਦ ਵਿਚ ਉਸ ਕੁਲ ਵਿਚ ਇਹ ਰੋਗ ਨਾ ਹੋਣ ਬਾਰੇ ਚਰਚਾ ਪਿੰਡ ਵਾਲੇ ਕਰਦੇ ਰਹੇ। ਬੇਲਾ ਸਿੰਘ ਨੂੰ ਵਾਪਸੀ ਤੇ ਫਿਰ ਉਸ ਦੀ ਅੰਦਰੂਨੀ ਬੇਨਤੀ ਉਪਰ ਦਰਸ਼ਨ ਸਤਿਗੁਰੂ ਜੀ ਨੇ ਦਿੱਤੇ ਅਤੇ ਦੇਹ ਅਰੋਗਤਾ ਵੀ ਬਖਸ਼ ਦਿੱਤੀ। ਇਹ ਆਪਣੇ ਨਾਲ ਵਰਤੇ ਬਿਰਤਾਂਤ, ਭਾਈ ਉਤਮ ਸਿੰਘ ਹੋਰਾਂ ਨੇ ਸਪੁੱਤਰ ਮਸਤਾਨ ਸਿੰਘ ਹੋਰਾਂ ਨੂੰ ਸੁਣਾਏ ਸਨ। ਇਸੇ ਕਾਰਨ ਉਹਨਾਂ ਦੀ ਸਤਿਗੁਰੂ ਜੀ ਉਪਰ ਅਗਾਧ ਸ਼ਰਧਾ ਸੀ।੯

ਉੱਤਮ ਸਿੰਘ ਜੀ ਦਾ ਸ੍ਰੀ ਭੈਣੀ ਸਾਹਿਬ ਦੀ ਉਸਾਰੀ ਵਿਚ ਯੋਗਦਾਨ ਵੀ ਵੱਡਮੁੱਲਾ ਹੈ। ਮਿਟੀ ਦਾ ਕੰਮ ਕਰਦਿਆਂ ਤਬੇਲਿਆਂ ਦੀਆਂ ਵਿਸ਼ਾਲ ਕੰਧਾਂ ਦੀ ਉਸਾਰੀ ਕਰਦਿਆਂ, ਕੋਠਿਆਂ ਦੀਆਂ ਛੱਤਾਂ ਤੇ ਮਿਟੀ ਚੜ੍ਹਾਉਂਦਿਆਂ, ਆਪ ਕਦੇ ਥੱਕੇ ਹੀ ਨਹੀਂ ਸਨ। ਸ੍ਰੀ ਭੈਣੀ ਸਾਹਿਬ ਦੇ ਲੰਗਰ ਉਪਰ, ਗੁਰੂ ਹਰੀ ਸਿੰਘ ਜੀ ਦੇ ਸਮੇਂ ਆਏ ਸੰਕਟ ਸਮੇਂ, ਆਪ ਨੇ ਵੀ ਆਪਣੀ ਜ਼ਮੀਨ ਵੇਚਣ ਜਾਂ ਗਹਿਣੇ ਕਰਨ ਅਤੇ ਮਾਇਆ ਗੁਰ ਕੇ ਲੰਗਰ ਵਿਚ ਪਾਉਣ ਤੋਂ ਰਤਾ ਵੀ ਦੇਰ ਨਹੀਂ ਸੀ ਲਾਈ। ਗੁਰੂ ਹਰੀ ਸਿੰਘ ਜੀ ਦੇ ਸਮੇਂ ਆਪ ਡੇਰਾ ਸ੍ਰੀ ਭੈਣੀ ਸਾਹਿਬ ਵਿਚ ਰਹਿ ਕੇ ਵੀ ਸੇਵਾ ਕਰਦੇ ਰਹੇ ਹਨ। ਆਪ ਦੀ ਸਰੀਰਕ ਸ਼ਕਤੀ ਦੇ ਅਨੁਰੂਪ ਹੀ ਆਪਦਾ ਹਾਜ਼ਮਾ ਵੀ ਹੈਰਾਨ ਕਰਨ ਵਾਲਾ ਸੀ। ਬਾਹੋਵਾਲ ਜੀ ਦੇ ਦੂਜੇ ਭਾਗ ਵਿਚ ਕਈ ਸਿੰਘਾਂ ਲਈ ਬਣੇ ਕੜਾਹ ਪ੍ਰਸ਼ਾਦ ਦਾ ਆਪ ਇਕੱਲਿਆਂ ਦੁਆਰਾ ਹੀ ਛਕ ਲੈਣ ਦਾ ਇਕ ਰੌਚਕ ਪਰਸੰਗ ਦਰਜ ਹੈ। ਇਹ ਸਮਾਂ ੧੮੬੪ ਈ. ਦਾ ਸੀ। ਸਤਿਗੁਰੂ ਰਾਮ ਸਿੰਘ ਜੀ ਦਾ ਦੋਹਤਾ, ਬੀਬੀ ਨੰਦਾਂ ਦਾ ਵੱਡਾ ਪੁੱਤਰ ਬਸੰਤ ਸਿੰਘ, ਦੁਰਗਾ ਪੁਰ ਬੀਬੀ ਈਸ਼ਰੀ ਨਾਲ ਵਿਆਹਿਆ ਜਾਣਾ ਸੀ। ਈਸ਼ਰੀ ਦੇ ਪਿਤਾ ਦੀ ਲਾਹੌਰ ਪਾਈ ਅਰਜ਼ੀ ਤੇ, ੧੦੦ ਸਿੰਘਾਂ ਨਾਲ ਗੁਰੂ ਹਰੀ ਸਿੰਘ ਜੀ ਨੂੰ ਨਵਾਂ ਸ਼ਹਿਰ ਪਾਸ, ਦੁਰਗਾਪੁਰ ਜਾਣ ਦੀ ਛੁੱਟੀ ਮਿਲੀ। ਦੁਆਬੇ ਦੀ ਕਾਫੀ


NamdhariElibrary NamdhariElibrary@gmail

ਸੰਗਤ ਇਸ ਅਨੰਦ ਕਾਰਜ ਤੇ ਪੁੱਜ ਕੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਤੋਂ ਲਾਭਵੰਤ ਹੋਈ। "ਛੂਤੀਏ ਸਿੰਘ ਭੀ ਨਾਲ ਸੀ। ਸੱਦਾ ਸਿੰਘ ਨੇ ਲੀਕ ਕੱਢੀ ਕੇ ਜਿਨ੍ਹਾਂ ਨੇ ਇਸ ਲੰਗਰ ਕਾ ਛਕਨਾ ਨਹੀਂ ਸੋ ਲੀਕ ਟੱਪੇ। ਜਿਨਾਂ ਨੇ ਨਾਂ ਸੀ ਛਕਨਾ ਸੋ ਲੀਕ ਟੱਪ ਗਏ। ਕੈਹਨ ਲੱਗੇ ਅਸੀਂ ਲੰਗਰ ਸੇ ਨਹੀਂ ਛਕਦੇ ਹੈ, ਆਪ ਬਨਾਇਕੇ ਛਕਾਂਗੇ। ਰਸਤ ਮਿਲ ਗਈ, ਲੰਗਰ ਕੀਤਾ। ਭੋਗ ਪਿਆ। ਜਾਂ ਕੜਾਹ ਪ੍ਰਸਾਦ ਬਰਤਿਆ ਲੈ ਤਾਂ ਲਿਆ ਛਕਨ ਨਾ। ਉਤਮ ਸਿੰਘ ਰਾਇਸਰੀਏ ਨੇ ਕਹਾ ਕਿ ਤੁਸੀਂ ਨਹੀਂ ਛਕਦੇ ਤਾਂ ਮੈਨੂੰ ਦੇ ਦਿਉ।"10 ਕਈ ਸਿੰਘਾਂ ਦਾ ਵਰਤਾਰਾ ਉਹ ਇਕੱਲੇ ਛਕ ਗਏ। ਛੂਤੀਏ ਸ੍ਰੀ ਭੈਣੀ ਸਾਹਿਬ ਦੇ ਲੰਗਰ ਦੀ ਬਜਾਏ, ਆਪਣਾ ਲੰਗਰ, ਜ਼ਿਆਦਾ ਸੁੱਚ ਸੋਧ ਨਾਲ ਸਾਜਕੇ ਛਕਦੇ ਇੱਥੋਂ ਤੱਕ ਕੇ ਲੱਕੜੀਆਂ ਵੀ ਧੋ ਕੇ ਹੀ ਬਾਲਦੇ ਸਨ ਤਾਂ ਇਹਨਾਂ ਨੂੰ ਛੂਤੀਏ ਕਿਹਾ ਜਾਂਦਾ ਸੀ। ਗੁਰੂ ਹਰੀ ਸਿੰਘ ਜੀ ਉਹਨਾਂ ਦਾ ਇਹ ਰਵੱਈਆ ਪਸੰਦ ਨਹੀਂ ਸਨ ਕਰਦੇ, ਸੰਗਤ ਲਈ ਬਣੇ ਸਾਂਝੇ ਲੰਗਰ ਵਿਚੋਂ ਨਾ ਛਕ ਕੇ ਵੱਖਰਾ ਬਣਾ ਕੇ ਛਕਣਾ।

ਜਦੋਂ ਗੁਰੂ ਜੋਤ ਬਦਲਦੀ ਹੈ ਤਾਂ ਪਹਿਲੀ ਗੁਰੂ ਦੇਹ ਦੇ ਉਪਾਸ਼ਕਾਂ ਲਈ ਨਵੇਂ ਟਿਕਾਣੇ ਤੇ ਪੁੱਜਣ ਲੱਗਿਆ, ਕੁਝ ਸਮਾਂ ਲੱਗ ਜਾਂਦਾ ਹੈ। ਇਸ ਲਈ ਸਾਡੇ ਇਤਿਹਾਸ ਵਿਚ ਬਹੁਤ ਸਾਖੀਆਂ ਮਿਲਦੀਆਂ ਹਨ। ਭਾਈ ਉਤਮ ਸਿੰਘ ਜੀ ਨੂੰ ਵੀ ਗੁਰੂ ਹਰੀ ਸਿੰਘ ਜੀ ਤੇ ਪੂਰਨ ਸ਼ਰਧਾ ਲਿਆਉਣ ਵਿਚ, ਕੁਝ ਸਮਾਂ ਲੱਗਾ ਸੀ। ਇਹ ਤਬਦੀਲੀ ਕਿੰਜ ਵਾਪਰੀ ਇਸ ਲਈ ਵੀ ਆਪ ਤੋਂ ਸੁਣ ਕੇ ਸੂਬਾ ਮਸਤਾਨ ਸਿੰਘ ਹੋਰਾਂ ਨੇ ਲਿਖ ਦਿੱਤਾ ਸੀ। "ਭਾਈ ਅਤਰ ਸਿੰਘ ਜੀ (ਲੁਧਿਆਣਾ) ਨਾਲ ਬਚਨ ਹੋਇਆ। ਮੈਨੂੰ ਇਹ ਸ਼ਰਧਾ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਤਾਂ ਸ੍ਰੀ ਰਾਮ ਚੰਦਰ ਜੀ ਮਹਾਰਾਜ ਹਨ ਤੇ ਸਤਿਗੁਰੂ ਹਰੀ ਸਿੰਘ ਜੀ, ਲਛਮਨ ਜੀ ਹਨ। ਭਾਈ ਅਤਰ ਸਿੰਘ ਨੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਤੇ ਸਤਿਗੁਰੂ ਹਰੀ ਸਿੰਘ ਜੀ ਗੁਰੂ ਨਾਨਕ ਦੇਵ ਦਾ ਅਵਤਾਰ ਹਨ। ਮੇਰੇ ਦਿਲ ਨੂੰ ਭਰੋਸਾ ਨਾ ਆਵੇ। ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀ, ਮੇਰੇ ਚਿਤ ਨੂੰ ਇਕ ਸੰਸਾ ਹੋ ਰਿਹਾ ਹੈ।" ਸਤਿਗੁਰਾਂ ਪੁੱਛਿਆ, "ਭਾਈ ਤੇਰੇ ਦਿਲ ਨੂੰ ਕੀ ਸੰਸਾ ਹੋ ਰਿਹਾ ਹੈ?" "(ਮੈਂ ਕਿਹਾ), ਭਾਈ ਅਤਰ ਸਿੰਘ ਜੀ ਕਹਿੰਦੇ ਹਨ ਕਿ ਸਤਿਗੁਰੂ ਅਕਾਲ ਪੁਰਖ ਤੇ ਗੁਰੂ ਹਰੀ ਸਿੰਘ ਜੀ ਗੁਰੂ ਨਾਨਕ ਦੇਵ ਜੀ ਹਨ। ਮੈਂ ਕਿਹਾ ਕਿ ਸਤਿਗੁਰੂ ਜੀ ਰਾਮ ਚੰਦਰ ਹਨ ਤੇ ਆਪ ਸ੍ਰੀ ਲਛਮਨ ਹੋ। ਸਤਿਗੁਰੂ ਹਰੀ ਸਿੰਘ ਜੀ ਬਚਨ ਕੀਤਾ, "ਭਾਈ ਉਤਮ ਸਿੰਘ ਲਛਮਨ ਕੀ ਚੀਜ਼ ਹੈ?" ਇਹ ਬਚਨ ਤਿੰਨ ਵੇਰੀ ਕਿਹਾ। ਬੱਸ ਫੇਰ, ਮੇਰੇ ਭਰਮ ਦੇ ਜਿੰਦਰੇ ਖੁੱਲ੍ਹ ਗਏ ਤੇ ਸਤਿਗੁਰੂ ਹਰੀ ਸਿੰਘ ਜੀ ਉਤੇ ਸ਼ਰਧਾ ਆ ਗਈ।"11

ਬਾਬਾ ਉਤਮ ਸਿੰਘ ਜੀ ਦੇ ਸ਼ਕਤੀਸ਼ਾਲੀ ਜੁੱਸੇ ਅਤੇ ਸਾਧ ਸੰਗਤ ਦੀ ਸੇਵਾ ਵਿਚ ਜੁੱਟੇ ਰਹਿਣ ਦੇ, ਬਹੁਤ ਸਾਰੇ ਬਚਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਸੁਰੱਖਿਅਤ ਹਨ-

ਬਾਬੇ ਉਤਮ ਸਿੰਘ ਹੋਰੀਂ ਇਕ ਰਾਇਸਰ ਦੇ ਸਿੰਘ ਸਨ, ਇਕ ਬਾਬਾ ਬਲੀ ਸਿੰਘ ਜੀ ਬਰਾਜਵਾਲੇ ਦੇ-(ਕੂਕਾ ਇਤਿਹਾਸ ਦੇ ਸੰਨ ੧੮੬੯ ਵਾਲੇ, ਬਰਾਜਵਾਲਾ ਕਾਂਡ ਵਿਚ ਸਜ਼ਾ ਯਾਫਤਾ) ਮੁਕਤਸਰ ਦੇ ਇਲਾਕੇ ਦੇ, ਇਕ ਬਾਬਾ ਰੂੜ ਸਿੰਘ ਰੁਖੜ-ਇਹ ਤਿੰਨ ਚਾਰ ਸਰੀਰ ਉਹ ਸਨ, ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ, ਜਿਹਨਾਂ ਨੂੰ ਬੀਰ ਕਹਿੰਦੇ ਸਨ। ਤਾਕਤ ਉਹਨਾਂ ਦੀ ਕਿਹੋ ਜਿਹੀ ਸੀ। ਉਹ ਬਾਬੇ ਬਲੀ ਸਿੰਘ ਹੁਰੀਂ ਤੇ ਰੂੜ ਸਿੰਘ ਹੋਰਾਂ ਨੇ-ਹਜ਼ਾਰਾ ਸਿੰਘ, ਸਤਿਗੁਰਾਂ ਦੇ ਨਾਲ ਦੌਰੇ ਜਾਣੇ-ਵੱਡੇ-ਵੱਡੇ ਗੜਵੇ ਫੜੇ ਹੋਣ, ਡੋਲ ਫੜੇ ਹੋਣੇ, ਭੱਜ ਕੇ ਸਾਰੀ ਸੰਗਤ ਦੇ ਅੱਗੇ ਚਲੇ ਜਾਣ। ਓਥੇ ਜਲ ਛਕਾਉਣਾ ਸ਼ੁਰੂ ਕਰਨਾ, ਸਾਧ-ਸੰਗਤ ਨੇ ਲੰਘਦੀ ਜਾਣਾ, ਜਦੋਂ ਸਾਧ-ਸੰਗਤ ਨੇ ਨਲ ਛਕ ਕੇ ਲੰਘ ਜਾਣਾ, ਮਗਰੋਂ ਫਿਰ ਜਾ ਰਲਣਾ। ਫੇਰ, ਤੜਕੇ ਉਠ ਕੇ ਹਜ਼ਾਰਾਂ ਸਿੱਖਾਂ ਦਾ ਇਸ਼ਨਾਨ ਕਰਾਉਂਦੇ ਸੀ। ਇਹ ਬਾਬੇ ਉਤਮ ਸਿੰਘ ਹੁਰੀਂ ਜਿਹੜੇ ਰਾਇਸਰੀਏ ਸਨ। ਇਹ ਓਨਾਂ ਦਿਨਾਂ ਵਿਚ ਚਾਰ ਸੇਰ ਪੱਕਾ (ਇਕ ਰੁਪੈ ਦਾ) ਘਿਉ ਦਾ ਭਾਅ ਸੀ, ਤੁਸੀਂ ਗਿਣਤੀ ਕਰ ਲਾਉ ਕਿ ਚਾਰ ਸੇਰ ਘਿਉ, ਚਾਰ ਸੇਰ ਖੰਡ ਤੇ ਚਾਰ ਸੇਰ ਮੈਦਾ, ਤੇ ਜੇ ਬਾਰਾਂ ਨਾਲੋਂ ਦੂਣਾ ਨਾ ਕਰੀਏ, ਡਿਉੜਾ ਪਾਣੀ ਕਰੀਏ, ਅਠਾਰਾਂ ਸੇਰ ਪਾਣੀ, ਤੇ ਬਾਰਾਂ ਸੇਰ ਇਹ-ਤੀਹ ਸੇਰ ਪੱਕਾ ਕੜਾਹ ਪ੍ਰਸਾਦ ਛਕ ਕੇ ਫੇਰ ਪ੍ਰਸਾਦੇ ਛਕ ਲੈਂਦੇ ਸੀ।12

ਬਾਬਾ ਉਤਮ ਸਿੰਘ ਜੀ ਦੇ ਤਿੰਨ ਲੜਕੇ ਸਨ ਅਤੇ ਆਪ ਦੀ ਸਿੰਘਣੀ ਦਾ ਨਾਮ ਸ਼ਾਮਰ ਕੌਰ ਸੀ। ਵੱਡਾ ਭਗਵਾਨ ਸਿੰਘ, ਵਿਚਲਾ ਕਿਸ਼ਨ ਸਿੰਘ ਅਤੇ ਛੋਟਾ ਮਸਤਾਨ ਸਿੰਘ। ਭਗਵਾਨ ਸਿੰਘ ਦਾ ਜ਼ਿਕਰ ਖਤਰਨਾਕ ਕੂਕਿਆਂ ਵਾਲੀ ਸਰਕਾਰੀ ਸੂਚੀ ਵਿਚ ਬਾਬਾ ਉਤਮ ਸਿੰਘ ਜੀ ਤੋਂ ਅਗਲੇ ਸੀਰੀਅਲ ਨੰ. ਵਿਚ ਆਉਂਦਾ ਹੈ। ਉਸ ਦਾ ਰੰਗ ਸਾਫ, ਚਿਹਰੇ ਤੇ ਮਾਤਾ ਦੇ ਦਾਗ, ਕਾਲੀ ਦਾਹੜੀ ਤੇ ਉਮਰ ੨੫ ਸਾਲ ਲਗਭਗ ਲਿਖੀ ਹੈ। ਸੁਭਾਉ ਵਾਲੇ ਖਾਨੇ ਵਿਚ ਦਰਜ ਹੈ ਕਿ ਇਹ ਵੀ ਆਪਣੇ ਪਿਤਾ ਜਿਉਂ ਕੱਟੜ ਕੂਕਾ ਹੈ।13 ਇਉਂ ਇਸ ਦਾ ਜਨਮ ੧੮੪੫ ਈ. ਦਾ ਹੈ। ਸੂਬਾ ਮਸਤਾਨ ਸਿੰਘ ਦੀ ਉਮਰ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ੨੦ ਸਿਤੰਬਰ ੧੯੫੧ ਵਾਲੇ ਬੈਂਗਕੌਂਕ ਵਾਲੇ ਭਾਸ਼ਨ ਮੁਤਾਬਿਕ ਉਦੋਂ ਅੱਸੀ ਸਾਲ ਦੇ ਕਰੀਬ ਸੀ। ਤਾਂ ਇਹਨਾਂ ਦਾ ਜਨਮ ੧੮੭੦-੭੧ ਈ. ਦਾ ਬਣਦਾ ਹੈ। ਸੂਬਾ ਜੀ ਦਾ ਚਲਾਣਾ ੧੯੫੨-੫੩ ਈ. ਵਿਚ ਹੋ ਗਿਆ ਸੀ। ਆਪ ਜੀ ਤੋਂ ਵੱਡੀਆਂ ਦੋ ਭੈਣਾਂ ਵੀ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ੫ ਫਰਵਰੀ ੧੯੫੫ ਨੂੰ ਬੈਂਕੌਕ ਵਿਚ ਦਿੱਤੇ ਉਪਦੇਸ਼ ਵਿਚ ਭਾਈ ਉਤਮ ਸਿੰਘ ਦੀ ਮਾਰਫਤ, ਗੁਰਸਿੱਖੀ ਦੀਆਂ ਹੋਰ ਬਾਰੀਕੀਆਂ ਦੇ ਪਰਦੇਸ

Namdhari Elibrary NamdhariElibrary@gmail.com

ਜਾਣ ਤੋਂ ਬਾਅਦ ਉਹ (ਭਾਈ ਉੱਤਮ ਸਿੰਘ ਜੀ) ਗੁਰੂ ਹਰੀ ਸਿੰਘ ਜੀ ਕੋਲ ਆਏ, ਆ ਕੇ ਕਹਿਣ ਲੱਗੇ, "ਸੱਚਿਆ ਪਾਤਸ਼ਾਹ! ਸਤਿਗੁਰੂ ਰਾਮ ਸਿੰਘ ਜੀ ਐਸ ਵੇਲੇ ਕਿੱਥੇ ਹਨ?"

ਗੁਰੂ ਹਰੀ ਸਿੰਘ ਜੀ ਕਹਿੰਦੇ, "ਭਾਈ ਉੱਤਮ ਸਿਹਾਂ, ਜੇ ਤੂੰ ਥੋੜਾ ਜਿਹਾ ਚਿਰ ਪਹਿਲਾਂ ਆ ਜਾਂਦਾ ਤਾਂ ਤੈਨੂੰ ਐਥੇ ਹੀ ਦਰਸ਼ਨ ਕਰਾਉਂਦੇ।" ਕਹਿਣ ਲੱਗੇ, "ਭਾਈ ਜਦੋਂ ਦੇ ਸਤਿਗੁਰੂ ਗਏ, ਮੈਂ ਬਾਹਰ ਜਾ ਕੇ ਬੜਾਂ ਰੋਂਦਾ ਧਾਂਹੀ ਮਾਰ ਮਾਰ। ਥੋੜਾ ਜਿਹਾ ਚਿਰ ਹੀ, ਜੇ ਇਹ ਅੱਧਾ ਦਿਨ ਹੀ ਸਤਿਗੁਰੂ ਸੱਚੇ ਪਾਤਸ਼ਾਹ ਦਰਸ਼ਨ ਨਾ ਦਿੰਦੇ ਤਾਂ ਮੇਰਾ ਸਰੀਰ ਨਾ ਰਹਿੰਦਾ।"

ਸਤਿਗੁਰੂ ਆ ਗਏ, ਸਤਿਗੁਰਾਂ ਆ ਕੇ ਆਖਿਆ, "ਭਾਈ ਮੈਂ ਤੇਰੇ ਕੋਲ ਸਦਾ ਹੀ ਅੰਗ ਸੰਗ ਹਾਂ। ਮੈਂ ਤੇਰੇ ਕੋਲ ਰਹਾਂਗਾ ਤੂੰ ਕੰਮ ਕਾਰ ਕਰ ਭਾਈ।" ਸਤਿਗੁਰੂ ਤਾਂ ਮੇਰੇ ਮੋਢੇ ਤੇ ਹੱਥ ਰੱਖਦੇ ਹਨ।

ਤਾਂ ਉਹ ਭਾਈ ਉੱਤਮ ਸਿੰਘ ਜੀ-ਇਹ ਖੇਡਾਂ ਜਿਹਨਾਂ ਦੇਖੀਆਂ ਆਪਣਾ ਘਰਬਾਰ ਸਾਰਾ ਉਹਨਾਂ ਮਹਾਂਪੁਰਖਾਂ ਨੇ ਸਾਧ ਸੰਗਤ ਨੂੰ ਛਕਾ ਦਿੱਤਾ। ਨੰਬਰਦਾਰੀ ਸੀ, ਸਾਰੀ ਜ਼ਮੀਨ ਵੇਚ ਕੇ ਛਕਾ ਕੇ-ਮੈਨੂੰ ਬਹੁਤ ਥੋੜੀ ਥੋੜੀ ਖਬਰ ਹੈ, ਮੇਰੀ ਪੰਜ ਕੁ ਸਾਲ ਦੇ ਕਰੀਬ ਉਮਰ ਸੀ-ਇਕ ਬਾਹਰ ਜਗ੍ਹਾ ਬਣਾਈ ਹੋਈ ਸੀ, ਹਵੇਲੀ 'ਚ ਝੁੱਗੀ ਜਿਹੀ। ਕਹੀ ਨਾਲ ਥਾਂ ਪੁੱਟਣਾ। ਕਹੀ ਨਾਲ ਥਾਂ ਪੁੱਟ ਕੇ ਉਥੇ ਗਾਜਰਾਂ ਮੂਲੀਆਂ ਇਹੋ ਜਿਹਾ ਕੁਝ ਬੀਜਣਾ। ਉਹਦੇ ਦਾਣੇ ਵਟਾ ਕੇ ਸਾਧ ਸੰਗਤ ਨੂੰ ਛਕਾਉਂਦੇ। ਸਤਿਗੁਰਾਂ ਫੇਰ ਕ੍ਰਿਪਾ ਕੀਤੀ, ਪਿੰਡ ਵਿਚ ਕੋਈ ਆਦਮੀ ਉਹਨਾਂ ਦੇ ਮੁਕਾਬਲੇ 'ਚ ਜਾਇਦਾਦ ਵਾਲਾ ਨਾ ਰਿਹਾ। ਉਹ ਸਾਰੀ ਫੇਰ ਮੁੜਕੇ ਆ ਗਈ ਕਿਉਂਕਿ ਸਤਿਗੁਰਾਂ ਨੂੰ, ਸਾਧ ਸੰਗਤ ਨੂੰ ਛਕਾਈ ਸੀ। ਏਥੇ ਸਤਿਗੁਰਾਂ ਭੀ ਇਕ ਹੁਕਮਨਾਮੇ 'ਚ ਲਿਖਿਆ ਹੈ। "ਭਾਈ ਪੁੰਨ ਦਾਨ ਤੇ ਧਨ ਨਹੀ ਘਟਦਾ, ਧਨ ਤਾਂ ਕੁਚਾਲ ਚਲਣ ਤੇ ਘਟਦਾ ਹੈ।"14

ਗੁਰੂ ਹਰੀ ਸਿੰਘ ਜੀ ਜਦੋਂ ਅਜੇ ਸ੍ਰੀ ਬੁੱਧ ਸਿੰਘ ਦੇ ਰੂਪ ਵਿਚ ਹੀ ਸਨ ਉਹ ਭਾਈ ਉਤਮ ਸਿੰਘ ਦੀ ਸੇਵਾ ਸਿਦਕ ਦੀ ਭਾਵਨਾ ਦੀ ਵੱਡੀ ਕਦਰ ਕਰਦੇ ਸਨ। ਇਕ ਵੇਰ ਉਹ ਰਾਇਸਰ ਗਏ ਤਾਂ ਪਿੰਡ ਦੇ ਬਾਹਰ ਆਪਣਾ ਗੱਡਾ ਖਲ੍ਹਾਰ ਕੇ, ਭਾਈ ਜੀ ਨੂੰ ਸੁਨੇਹਾ ਭੇਜਿਆ ਕਿ ਇਕ ਗਰੀਬ ਕਾਰੀਗਰ ਆਪਦੇ ਦਰਸ਼ਨ ਕਰਨਾ ਚਾਹੁੰਦਾ ਹੈ। ਜਦੋਂ ਉਤਮ ਸਿੰਘ ਆਏ ਤਾਂ ਉਹ ਸਾਹਮਣੇ ਆਪ ਨੂੰ ਵੇਖ ਕੇ ਕਹਿਣ ਲੱਗਾ ਕਿ ਆਪ ਨੇ ਖੁਦ ਨੂੰ ਇਸ ਤਰ੍ਹਾਂ ਕਿਉਂ ਪੋਸ਼ ਕੀਤਾ ਹੈ। ਤੁਸੀਂ ਸਾਡੇ ਸਤਿਗੁਰੂ ਜੀ ਦੇ ਛੋਟੇ ਭਾਈ ਹੋ ਸਾਡੇ ਸਤਿਕਾਰ ਦੇ ਪਾਤਰ ਹੋ। ਸ੍ਰੀ ਬੁੱਧ ਸਿੰਘ ਨੇ ਕਿਹਾ ਸੰਤ ਜੀ ਸਤਿਗੁਰੂ ਜੀ ਤਾਂ ਸਭ ਕੁਝ ਹਨ ਮੈਂ ਤਾਂ ਉਹੋ ਜਿਹਾ ਹੀ ਹਾਂ ਜੋ ਆਖਿਆ ਸੀ। ਆਪ ਦੀ ਇਸ ਨਿਮਰਤਾ ਨੇ ਹੀ ਆਪ ਨੂੰ ੩੪ ਵਰ੍ਹੇ ਤੱਕ ਨਾਮਧਾਰੀ ਪੰਥ ਦੀ ਅਗਵਾਈ ਸਉਂਪੀ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਰਾਏਸਰ ਵਿਖੇ, ਨਾਮਧਾਰੀਆਂ ਦੀ ਚੋਖੀ ਗਿਣਤੀ ਸੀ ਪਰ ਪੰਥ ਉਪਰ ਕਰੜਾ ਭਾਣਾ ਵਰਤਣ ਬਾਅਦ, ਜ਼ਿਆਦਾਤਰ ਬੇਮੁਖ ਹੋ ਗਏ। ਬਾਬਾ ਜੀ ਆਪਣੇ ਸਿਰੜ ਤੇ ਕਾਇਮ ਰਹੇ। ਕੁਝ ਸਮਾਂ ਰੋਜ਼ਾਨਾ ਸੁਹਿਣੇ ਥਾਣੇ ਹਾਜ਼ਰੀ ਲੁਆਉਣ ਜਾਂਦੇ ਰਹੇ। ਫਿਰ ਜੇ ਪਿੰਡੋਂ ਬਾਹਰ ਜਾਣਾ ਹੁੰਦਾ ਤਾਂ ਵੀ ਪਿੰਡ ਦੇ ਲੰਬੜਦਾਰ ਨੂੰ ਦੱਸ ਕੇ ਜਾਣਾ ਪੈਂਦਾ ਸੀ।15

ਡੇਰਾ ਸ੍ਰੀ ਭੈਣੀ ਸਾਹਿਬ ਵਿਚ ਲੰਗਰ ਅਤੇ ਤਬੇਲੇ ਦੀ ਉਸਾਰੀ ਸਮੇਂ, ਹਰ ਜ਼ਿਲ੍ਹੇ ਵਿਚੋਂ ਪੰਜ ਪੰਜ ਸੌ ਸਿੰਘ ਆ ਕੇ ਤਿੰਨ ਦਿਨ ਸੇਵਾ ਕਰਕੇ ਮੁੜਦਾ ਸੀ। ਹੱਟੀ ਵਾਲਾ ਗੁਪਾਲ ਸਿੰਘ ਸੇਵਾ ਕਰਵਾਉਂਦਾ ਸੀ। ਆਪਣੀ ਵਾਰੀ ਸਿਰ ਉਤਮ ਸਿੰਘ ਜੀ ਰਾਏਸਰ ਵਿਚੋਂ ਚਾਲ੍ਹੀ ਸਿੰਘ ਲੈ ਕੇ ਆਏ। ਜਦੋਂ ਤਿੰਨ ਦਿਨਾਂ ਬਾਅਦ ਮੁੜਨ ਲੱਗੇ ਤਾਂ ਸਤਿਗੁਰੂ ਜੀ ਨੇ ਰੋਕ ਕੇ ਕਿਹਾ ਕਿ ਤੁਸਾਂ ਕਾਰਜ ਸੰਪੂਰਨ ਕਰਕੇ ਹੀ ਜਾਣਾ ਹੈ। ਇਸ ਦੌਰਾਨ ਇਹਨਾਂ ਨੂੰ ਕੜਾਹ ਪ੍ਰਸ਼ਾਦ ਦਾ ਦੋਹਰਾ ਗੱਫਾ ਮਿਲਿਆ ਕਰਦਾ ਸੀ ਕੰਮ ਦੇ ਹਿਸਾਬ ਨਾਲ। ਬਾਬਾ ਜੀ ਸਿਰ ਨਿਵਾ ਕੇ ਸਾਰੀ ਸੇਵਾ ਨਿਬਾਹੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਵੀ ਆਪ ਕਾਫੀ ਸਮਾਂ, ਡੇਰੇ ਵਿਚ ਟਿਕ ਕੇ ਸੇਵਾ ਕਰਦੇ ਰਹੇ ਸਨ। ਕੂਕੇ ਬਣਨ ਤੋਂ ਪਹਿਲਾਂ ਛੰਨੇ ਭਰ ਭਰ ਕੇ ਹੱਥੀਂ ਕੱਢੀ ਦਾਰੂ ਪੀਂਦੇ ਸਨ। ਸਿੰਘ ਸਜਕੇ ਕੋਈ ਨਸ਼ਾ ਨਹੀਂ ਵਰਤਿਆ। ਰਾਇਕੋਟ ਸਾਕੇ ਵਿਚ ਪੁਲੀਸ ਨੇ ਆਪ ਨੂੰ ਵੀ ਤਫਤੀਸ਼ ਸਮੇਂ ਕਈ ਦਿਨ ਪੁੱਛ ਗਿੱਛ ਲਈ ਬਹਾਈ ਰੱਖਿਆ ਸੀ। ਬਾਅਦ ਵਿਚ ਜਦੋਂ ਭੈਣੀ ਸਾਹਿਬ ਤੋਂ ਮਸਤਾਨਾ ਦਲ, ਮਾਘੀ ਮੇਲੇ ਸਮੇਂ, ਮਲੇਰਕੋਟਲੇ ਨੂੰ ਤੁਰਿਆ ਤਾਂ ਆਪ ਨੇ ਵੀ ਸਤਿਗੁਰੂ ਜੀ ਤੋਂ ਉਹਨਾਂ ਸਿੰਘਾਂ ਦੇ ਨਾਲ ਜਾਣ ਦੀ ਆਗਿਆ ਮੰਗੀ। ਸਤਿਗੁਰੂ ਜੀ ਨੇ ਕਿਹਾ ਭਾਈ ਉਤਮ ਸਿੰਘ ਤੁਹਾਡੀ ਇਕੋ ਵਾਰੀ ਸੀ ਜੋ ਤੁਸੀਂ ਭੁਗਤ ਚੁੱਕੇ ਹੋ।16

ਬਾਬਾ ਉਤਮ ਸਿੰਘ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਗਟ ਹੋਣ ਸਮੇਂ ਦਾ ਦ੍ਰਿਸ਼ਟਾਂਤ ਹੋਇਆ ਤਾਂ ਆਪ ਚਾਰ ਸੇਰ ਘਿਉ ਘਰੋਂ ਲੈ ਕੇ ਦਰਸ਼ਨਾਂ ਵਾਸਤੇ ਗਏ। ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਪੰਜ ਛੇ ਸਾਲ ਦੀ ਉਮਰ ਵਿਚ ਪਹੁੰਚੇ ਤਾਂ ਨਾਮਧਾਰੀ ਪਰੰਪਰਾ ਅਨੁਸਾਰ ਸੁਰਤ ਸੰਭਾਲਦਿਆਂ ਬੱਚੇ ਨੂੰ ਭਜਨ ਦਿੱਤਾ ਜਾਣ ਕਾਰਨ, ਗੁਰੂ ਹਰੀ ਸਿੰਘ ਜੀ ਨੇ ਉਤਮ ਸਿੰਘ ਹੋਰਾਂ ਨੂੰ ਪ੍ਰਤਾਪ ਸਿੰਘ ਜੀ ਨੂੰ ਭਜਨ ਦੇਣ ਲਈ ਹੁਕਮ ਕੀਤਾ। ਬਾਬਾ ਜੀ ਨੇ ਕਿਹਾ ਕਿ ਮੇਰੀ ਤਾਂ ਇਹਨਾਂ ਤੇ ਜਨਮ ਸਮੇਂ ਤੋਂ ਹੀ ਸ਼ਰਧਾ ਭਾਵਨਾ ਹੈ, ਮੈਂ ਭਜਨ ਕਿਵੇਂ ਦਿਆਂ ਤਾਂ ਗੁਰੂ ਹਰੀ ਸਿੰਘ ਜੀ ਨੇ ਮਰਿਆਦਾ ਨਿਬਾਹੁਣ ਲਈ ਕਿਹਾ। ਇਸ ਤਰ੍ਹਾਂ ਆਪ ਇਸ ਨਿਵੇਕਲੇ ਸਤਕਾਰ ਦੇ ਪਾਤਰ ਬਣੇ ਆਸਾ ਜੀ ਦੀ ਵਾਰ ਦੇ ਭੋਗ ਬਾਅਦ, ਸਾਹਿਬਜ਼ਾਦੇ ਨੂੰ ਭਜਨ ਦੱਸਿਆ। ਗੁਰੂ ਹਰੀ ਸਿੰਘ ਜੀ ਕਿਹਾ


Namdhari Elibrary NamdhariElibrary@gmail.com

ਕਰਦੇ ਸਨ ਕਿ ਕਮਾਈ ਵਾਲੇ ਸਿੱਖ ਦਾ ਦਿੱਤਾ ਭਜਨ ਫਲਦਾ ਹੈ। ਮਹਾਰਾਜ ਗੁਰਦਿਆਲ ਸਿੰਘ ਜੀ ਨੂੰ ਬਾਲ ਅਵਸਥਾ ਦਾ ਭਜਨ ਵੀ ਬਾਬਾ ਉਤਮ ਸਿੰਘ ਰਾਏਸਰੀਏ ਨੇ ਦਿੱਤਾ। ਮਹਾਰਾਜ ਨਿਹਾਲ ਸਿੰਘ ਜੀ ਨੂੰ ਸੰਤ ਲਾਲ ਸਿੰਘ ਲਤਾਲੀਏ ਨੇ ਦਿੱਤਾ ਸੀ।17 ਬਾਬਾ ਜੀ ਦੀ ਯਾਦਗਾਰ ਤਬੇਲੇ ਦੀਆਂ ਵਿਸ਼ਾਲ ਕੱਚੀਆਂ ਕੰਧਾਂ ੧੯੬੭ ਈ. ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਢੁਹਾ ਕੇ ਪੱਕੀਆਂ ਕਰਵਾ ਦਿੱਤੀਆਂ ਸਨ।

ਬਾਬਾ ਉਤਮ ਸਿੰਘ ਜੀ ਦੇ ਸਪੁੱਤਰ ਮਸਤਾਨ ਸਿੰਘ ਜੀ ਨੂੰ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੁਕਤਸਰ ਦੇ ਹੋਲੇ ਸਮੇਂ ੧੯੭੭ ਬਿ੦ ਮੁਤਾਬਿਕ ੧੯੨੧ ਈਸਵੀ ਵਿਚ, ਨਾਮਧਾਰੀ ਪੰਥ ਦਾ ਸੂਬਾ ਥਾਪ ਕੇ ਬਾਬਾ ਉਤਮ ਸਿੰਘ ਦੀ ਮਹਿਮਾਂ ਨੂੰ, ਹੋਰ ਵਿਸਥਾਰਿਤ ਕੀਤਾ ਸੀ। ਬਾਬਾ ਜੀ ਦਾ ਜਨਮ ਸੰਨ ਅੰਦਾਜ਼ਨ ੧੮੩੨-੩੩ ਈ. ਅਤੇ ਪਰਲੋਕ ਗਮਨ ਦਾ ਸਾਲ ੧੯੦੨ ਈ. ਹੈ। ਆਪ ਜੀ ਨੇ ਸੱਤਰ ਸਾਲ ਦੇ ਲਗਭਗ ਆਯੂ ਦੇ ਕੋਈ ਚਾਰ ਦਹਾਕੇ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਅਰੰਭੇ, ਕੌਮੀ ਮੁਕਤੀ ਅੰਦੋਲਨ, ਕੂਕਾ ਲਹਿਰ ਨੂੰ ਸਮਰਪਿਤ ਕੀਤੇ। ਸਤਿਗੁਰੂ ਜੀ ਦੇ ਦੱਸੇ ਮਾਰਗ ਤੇ ਚੱਲਦਿਆਂ ਹਰ ਤਰ੍ਹਾਂ ਦੀਆਂ ਤੰਗੀਆਂ ਤੁਰਸ਼ੀਆਂ ਨੂੰ, ਖਿੜੇ ਮੱਥੇ ਬਰਦਾਸ਼ਤ ਕੀਤਾ। ਆਪਣੇ ਸਤਿਗੁਰੂ ਦੀ ਖੁਸ਼ੀ ਤੋਂ ਆਪਣੀ ਹਰ ਖੁਸ਼ੀ ਕੁਰਬਾਨ ਕਰਨ ਲਈ, ਅੱਠੇ ਪਹਿਰ ਤਤਪਰ ਰਹਿੰਦੇ ਸਨ। ਆਪ ਜਿਹੇ ਸੇਵਾ, ਸਿਮਰਨ, ਸਾਦਗੀ, ਤਪ-ਤਿਆਗ ਅਤੇ ਕੁਰਬਾਨੀਆਂ ਦੇ ਪੁੰਜ, ਜੋ ਨਿਜੀ ਸੰਪਤੀ ਤੱਕ ਵੀ ਲੋਕ ਯੁੱਧ ਵਿਚ ਕੁਰਬਾਨ ਕਰ ਸੱਕਦੇ ਹਨ, ਵਿਰਲੇ ਟਾਂਵੇ ਹੀ ਹੁੰਦੇ ਹਨ। ਅੱਜ ਦੇ ਸਮੇਂ ਵਿਚ ਜਦੋਂ ਮਾਇਆ ਦੀ ਚੂਹੇ ਦੌੜ ਵਿਚ ਲੋਕ ਹਰਫਲੇ ਫਿਰਦੇ ਹਨ, ਬਾਬਾ ਜੀ ਜਿਹਾ ਬੇਗਰਜ਼ ਦੇਸ਼ ਸੇਵਕ, ਰੋਸ਼ਨ ਮੀਨਾਰ ਬਣ ਕੇ ਖੜਾ ਨਜ਼ਰ ਆਉਂਦਾ ਹੈ। ਇਹ ਬਾਬਾ ਉਤਮ ਸਿੰਘ ਜੀ ਦੇ ਵਿਚਾਰਾਂ ਦਾ ਹੀ ਪ੍ਰਭਾਵ ਸੀ ਕਿ ਪਿੰਡ ਰਾਏਸਰ, ਜਿਸਨੂੰ ਬਾਅਦ ਵਿਚ ਪਟਿਆਲਾ ਰਿਆਸਤ ਵਿਚ ਸ਼ਾਮਲ ਕਰ ਲਿਆ ਗਿਆ ਸੀ, ਸਮੇਂ ਸਮੇਂ ਚੱਲਣ ਵਾਲੀਆਂ ਸਾਰੀਆਂ ਹੀ ਲੋਕ ਲਹਿਰਾਂ ਵਿਚ, ਮਹੱਤਵਪੂਰਨ ਭੂਮਿਕਾ ਨਿਭਾਹੁੰਦਾ ਤੁਰਿਆ ਆ ਰਿਹਾ ਹੈ। ਕਿਰਤੀ ਵਰਗ ਨਾਲ ਸਬੰਧਿਤ ਉੱਘਾ ਇਨਕਲਾਬੀ ਪੰਜਾਬੀ ਕਵੀ, ਸੰਤ ਰਾਮ ਉਦਾਸੀ ਵੀ ਇਸੇ ਪਿੰਡ ਦੇ ਕੂਕਿਆਂ ਦੇ ਪਰਿਵਾਰ ਨਾਲ ਸਬੰਧਿਤ ਸੀ ਜਿਸਦੇ ਪੁਰਖਿਆਂ ਨੇ ਬਾਬਾ ਉਤਮ ਸਿੰਘ ਜੀ ਦੇ ਨਾਲ ਕੂਕਾ ਲਹਿਰ ਵਿਚ ਭਰਵਾਂ ਯੋਗਦਾਨ ਪਾਇਆ ਸੀ।

ਬਾਬਾ ਜੀ ਦਾ ਪੋਤਰਾ, ਸੂਬਾ ਮਸਤਾਨ ਸਿੰਘ ਜੀ ਦਾ ਪੁੱਤਰ ਹਰਦੇਵ ਸਿੰਘ ਇਕੱਲਾ ਹੀ ਸੀ ਜੋ ੧੯੯੫ ਈ. ਵਿਚ ਚੱਲ ਵੱਸਿਆ ਸੀ। ਅੱਜ ਕੱਲ੍ਹ ਉਹਨਾਂ ਦਾ ਵੀ ਇਕਲੌਤਾ ਪੁੱਤਰ ਬੂਟਾ ਸਿੰਘ ਪਿੰਡ ਵਿਚ ਨਿਵਾਸ ਰੱਖਦਾ ਹੈ ਅਤੇ ਨਾਮਧਾਰੀ ਪੰਥ ਨਾਲ ਪਰੰਪਰਾਗਤ ਸਾਂਝ ਨਿਬਾਹ ਰਿਹਾ ਹੈ। ਬਾਬੀ ਜੀ ਦੇ ਵਿਚਕਾਰਲੇ ਲੜਕੇ ਕਿਸ਼ਨ ਦਾ ਪਰਿਵਾਰ ਵੀ ਰਾਇਸਰ ਵਿਚ ਹੀ ਰਹਿੰਦਾ ਹੈ।

ਫੁੱਟ ਨੋਟ —

1) ਅੱਖੀਂ ਡਿੱਠਾ ਕਿੱਸਾ ਕੀਤਾ, (ਸੰ੦ ਸੁਵਰਨ ਸਿੰਘ ਵਿਰਕ)-ਅੰਤਿਕਾ-IV ਵਿਚ ਸੂਬਾ ਮਸਤਾਨ ਸਿੰਘ ਜੀ ਦਾ ਆਪਣੇ ਪਿਤਾ ਸ੍ਰੀ ਤੋਂ ਸੁਣਿਆ ਸੰਸਮਰਣ, ਸਫਾ ੨੬੮-੭੦

2) ਕੂਕਾਜ਼ ਆਫ ਨੋਟ ਇਨ ਦਾ ਪੰਜਾਬ (ਸੰ੦ ਜਸਵਿੰਦਰ ਸਿੰਘ), ਸਫਾ ੬੮-੬੯

3) ਅੱਖੀਂ ਡਿੱਠਾ ਕਿਸਾ ਕੀਤਾ, ਸਫਾ ੨੭੧-੭੨

4) ਉਹ, ਸਫਾ ੨੭੦-੭੧

5) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, (ਸੰ੦ ਜਸਵਿੰਦਰ ਸਿੰਘ), ਸਫਾ ੧੦੫-੦੮

6) ਉਹੀ, ਸਫਾ ੧੩੬

7) ਸਤਿਗੁਰੂ ਬਿਲਾਸ-ਭਾਗ ਪਹਿਲਾ, ਭਾਈ ਸੰਤੋਖ ਸਿੰਘ ਬਾਹੋਵਾਲ, (ਸੰ੦ ਜਸਵਿੰਦਰ ਸਿੰਘ), ਸਫਾ ੩੫੭

8) ਅੱਖੀਂ ਡਿੱਠਾ ਕਿੱਸਾ ਕੀਤਾ, ਸਫਾ ੨੭੨

9) ਉਹੀ, ਸਫਾ ੨੭੨-੭੩

10) ਸਤਿਗੁਰੂ ਬਿਲਾਸ ਭਾਗ ਦੂਜਾ, ਭਾਈ ਸੰਤੋਖ ਸਿੰਘ ਬਾਹੋਵਾਲ (ਸੰ੦ ਜਸਵਿੰਦਰ ਸਿੰਘ) ਸਫਾ ੭੪-੭੫

11) ਅੱਖੀਂ ਡਿੱਠਾ ਕਿੱਸਾ ਕੀਤਾ, ਸਫਾ ੨੭੪-੭੫

12) ਲਾਲੇ ਏਹਿ ਰਤਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼-ਭਾਗ ਦੂਜਾ, (ਸੰ੦ ਪ੍ਰਿ੦ ਬੇਅੰਤ ਕੌਰ), ੨੦-੯-੧੯੫੧ ਨੂੰ ਬੰਕੌਕ ਵਿਖੇ ਦਿੱਤਾ ਉਪਦੇਸ਼, ਸਫਾ ੨੬੯-੭੦

13) ਕੂਕਾਜ਼ ਆਫ ਨੋਟ ਇਨ ਦਾ ਪੰਜਾਬ, ਸਫਾ ੬੮-੬੯

14) ਲਾਲ ਏਹਿ ਰਤਨ-੪ (ਸੰ੦ ਪ੍ਰਿ੦ ਬੇਅੰਤ ਕੌਰ), ਸਫਾ ੬੩, ੬੪, ੬੫

15) ਜੱਸ ਜੀਵਨ ਭਾਗ ੫, ਸੰ੦ ਤਰਨ ਸਿੰਘ ਵਹਿਮੀ, ਸਫਾ ੨੩੮-੩੯

16) ਜੱਸ ਜੀਵਨ ਭਾਗ ਪਹਿਲਾ, ਸੰ੦ ਤਰਨ ਸਿੰਘ ਵਹਿਮੀ, ਪਹਿਲੀ ਛਾਪ, ਸਫਾ ੫੭-੫੮

17) ਉਹੀ, ਸਫਾ ੫੭

*ਪਿੰਡ ਤੇ ਡਾਕ-ਕਰੀਵਾਲਾ*
*ਜ਼ਿਲ੍ਹਾ ਸਿਰਸਾ (ਹਰਿਆਣਾ)*
*ਮੋਬ.-੦੯੯੯੯੬੩-੭੭੭੧੬*

Namdhari Elibrary NamdhariElibrary@gmail.com

# Reliable Performance




**Consistence Performers, Suited to all market needs with high yield, quality & disease resistant.**

NS

**NAMDHARI SEEDS PVT. LTD.**

Bidadi 562 109 Bangalore • Tel.: 98454 71271/ 72, 98453 81817/ 98453 10057
Liaison Office : Tel.: 080 28602167/ 69 • Fax : 080 28602168
e-mail : namdhariseeds@namdhariseeds.com • URL : www.namdhariseeds.com

*Seeds for a better future...*


Namdhari Elibrary NamdhariElibrary@gmail.com

# ਵਧਦੀ ਜਾਂਦੀ ਦਰਿੰਦਗੀ ਲਈ ਹੋਰ ਨਵੇਂ ਲਫ਼ਜ਼ ਘੜਨ ਦੀ ਲੋੜ ਪੈ ਗਈ ਹੈ !



—ਡਾ: ਹਰਸ਼ਿੰਦਰ ਕੌਰ, ਐਮ ਡੀ,
ਬੱਚਿਆਂ ਦੀ ਮਾਹਿਰ

ਅੱਜ ਮੇਰੇ ਸ਼ਬਦ ਵਲੂੰਧਰੇ ਗਏ ਹਨ। ਕਿਸੇ ਨੂੰ ਸ਼ਾਇਦ ਕਿਤੇ ਕਿਤੇ ਲੂਲ੍ਹੇ ਲੰਗੜੇ ਜਾਂ ਬੇਤੁਕੇ ਜਾਪਣ। ਇਸੇ ਲਈ ਮੈਂ ਨਵੇਂ ਲਫ਼ਜ਼ ਘੜਨ ਦੀ ਗੱਲ ਕੀਤੀ ਹੈ।

ਕਦੇ ਕੋਈ ਦਿਨ ਹੁਣ ਤਾਂ ਲੰਘਦਾ ਹੀ ਨਹੀਂ ਜਦੋਂ ਸੱਤ ਅੱਠ ਨਾਬਾਲਗ਼ ਬੱਚੀਆਂ ਦੇ ਸਮੂਹਕ ਬਲਾਤਕਾਰ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਲੱਗੀਆਂ ਨਾ ਹੋਣ। ਭਾਰਤ ਦੀਆਂ ਸੜਕਾਂ ਉੱਤੇ ਇਹ ਨਵਾਂ ਰਿਵਾਜ ਚੱਲ ਪਿਆ ਹੈ। ਆਵਾਰਾ ਕੁੱਤਿਆਂ ਦੀ ਗਿਣਤੀ ਏਨੀ ਵਧ ਚੁੱਕੀ ਹੈ ਕਿ ਹੁਣ ਉਹ ਟੀਮ ਬਣਾ ਕੇ ਨਿਕਲਦੇ ਹਨ ਤੇ ਨਾਬਾਲਗ਼ ਬੱਚੀਆਂ ਨੂੰ ਸ਼ਿਕਾਰ ਬਣਾ ਕੇ, ਨੋਚ ਕੇ, ਹੱਡੀਆਂ ਚੱਬ ਕੇ ਕਤਲ ਕਰ ਦਿੰਦੇ ਹਨ ਤਾਂ ਜੋ ਇਨ੍ਹਾਂ ਕੁੱਤਿਆਂ ਦੀ ਕੋਈ ਪਛਾਣ ਬਚੀ ਨਾ ਰਹਿ ਜਾਏ। ਜੇ ਪਛਾਣ ਰਹਿ ਵੀ ਜਾਏ ਤਾਂ ਆਵਾਰਾ ਕੁੱਤਿਆਂ ਨੂੰ ਬਚਾਉਣ ਦੇ ਕਾਨੂੰਨ ਬੜੇ ਸਖ਼ਤ ਹਨ ਜੋ ਉਨ੍ਹਾਂ ਦੇ ਹੱਕ ਵਿਚ ਨਿਤਰ ਜਾਂਦੇ ਹਨ।

ਕੁੱਝ ਬੇਹਯਾ ਕਸਾਈ ਤਾਂ ਬਕਰੇ ਵੱਢਣ ਵਾਂਗ ਹੀ ਨਿੱਕੀਆਂ ਬਾਲੜੀਆਂ ਨੂੰ ਹਲਾਲ ਕਰਦੇ ਹਨ ਤੇ ਸੁਆਦ ਨਾਲ ਲਹੂ ਵਿਚ ਪਕਾ ਕੇ, ਰਿੰਨ੍ਹ ਕੇ, ਪੂਰਾ ਮਾਸ ਚੂੰਢਦੇ ਹਨ। ਕਿਸੇ ਦਾ ਜਿਗਰਾ ਨਹੀਂ ਕਿ ਨਿੱਕੀ ਬੱਚੀ ਉੱਤੇ ਵੀ ਇਕੱਲਾ ਹੱਥ ਪਾ ਸਕੇ। ਇਸੇ ਲਈ ਪੂਰੀ ਟੀਮ ਬਣਾ ਕੇ, ਕਸਾਈਪੁਣੇ ਦਾ ਸਬੂਤ ਰੱਖਿਆ ਜਾਂਦਾ ਹੈ।

ਕਈ ਤਾਂ ਹੈਵਾਨ ਜਾਂ ਸ਼ੈਤਾਨ ਨੂੰ ਵੀ ਮਾਤ ਪਾ ਜਾਂਦੇ ਹਨ ਜਿਸਦੀ ਇਕ ਮਿਸਾਲ ਤਾਂ ਦਿੱਲੀ ਦੀ ਨਿਰਭਯਾ ਬਣੀ। ਪਰ ਹੁਣ ਸ਼ਬਦਾਂ ਦੀ ਘਾਟ ਹੋ ਗਈ ਹੈ ਕਿਉਂਕਿ ਦਿਨੋ ਦਿਨ ਦਰਿੰਦਗੀ ਦੀ ਤਸਵੀਰ ਏਨਾ ਵਿਕਰਾਲ ਰੂਪ ਧਾਰਨ ਕਰਦੀ ਜਾ ਰਹੀ ਹੈ ਕਿ ਸ਼ਬਦਕੋਸ਼ ਵਿਚ ਇਨ੍ਹਾਂ ਰੂਪਾਂ ਨੂੰ ਬਿਆਨ ਕਰਨ ਲਈ ਕੋਈ ਲਫ਼ਜ਼ ਬਚੇ ਹੀ ਨਹੀਂ।

੭ ਫਰਵਰੀ ੨੦੧੫ ਦੀਆਂ ਲਗਭਗ ਸਾਰੀਆਂ ਅਖ਼ਬਾਰਾਂ ਵਿਚ ਮੁਖ ਪੰਨੇ ਉੱਤੇ ਇਹ ਖ਼ਬਰ ਛਪੀ ਕਿ ਇਕ ਅਪਾਹਜ ਮੰਦਬੁੱਧ ੨੮ ਵਰ੍ਹਿਆਂ ਦੀ ਨੇਪਾਲੀ ਕੁੜੀ ਦਾ ਜ਼ਿਕਰ ਹੁਣ ਤਕ ਦੀਆਂ ਸਾਰੀਆਂ ਜਬਰਜ਼ਨਾਹ ਹੋਈਆਂ ਬੱਚੀਆਂ ਨਾਲੋਂ ਸਭ ਤੋਂ ਵਧ ਭਿਆਨਕ ਤਰੀਕੇ ਨਾਲ ਤਸੀਹੇ ਦੇ ਕੇ ਜਿਸਮ ਨੋਚ ਕੇ ਮਾਰਿਆ ਗਿਆ।

ਆਓ ਜ਼ਰਾ ਆਪਾਂ ਵੀ ਇਸ ਕਤਲ ਹੋਏ ਸਰੀਰ ਦਾ ਡਾਕਟਰੀ ਮੁਆਇਨਾ ਕਰੀਏ।

ਸਭ ਤੋਂ ਪਹਿਲਾਂ ਤਾਂ ਸਮਾਜ ਵੱਲੋਂ ਮੰਨੇ ਗਏ ਉਸਦੇ ਕਸੂਰ ਗਿਣੀਏ ਕਿ ਉਸ ਨਾਲ ਅਜਿਹਾ ਅਣਮਨੁੱਖੀ ਵਰਤਾਰਾ ਕਿਉਂ ਹੋਇਆ।

1. ਉਹ ਅਤਿ ਦੇ ਗ਼ਰੀਬ ਘਰ ਵਿਚ ਪੈਦਾ ਹੋਈ ਜਿੱਥੇ ਦੋ ਵੇਲੇ ਦੀ ਰੋਟੀ ਦਾ ਜੁਗਾੜ ਵੀ ਨਹੀਂ ਸੀ।

2. ਪੈਦਾਇਸ਼ੀ ਮੰਦਬੁੱਧ ਹੋਣ ਕਾਰਣ ਉਹ ਆਪਣੇ ਆਪ ਨੂੰ ਸਾਂਭਣ ਜੋਗ ਹੀ ਨਹੀਂ ਸੀ ਤੇ ਹਰ ਕਿਸੇ ਨੂੰ ਭਲਾ ਆਦਮੀ ਸਮਝਦੀ ਸੀ।

3. ਨਵੇਂ ਕਪੜੇ ਖਰੀਦਣ ਤੋਂ ਅਸਮਰਥ ਉਸਨੇ ਪਾਟੇ ਕਪੜਿਆਂ ਨੂੰ ਟਾਕੀਆਂ ਲਾ ਕੇ ਆਪਣਾ ਜਿਸਮ ਢਕਿਆ ਹੋਇਆ ਸੀ।

4. ਉਸਨੂੰ ਮਾਪਿਆਂ ਦੀ ਮੌਤ ਹੋ ਜਾਣ ਕਾਰਣ ਆਪਣੀ ਭੈਣ ਅਤੇ ਜੀਜੇ ਕੋਲ ਢਿੱਡ ਭਰਨ ਅਤੇ ਸਿਰ ਉੱਤੇ ਛੱਤ ਦਾ ਆਸਰਾ ਲੈਣ ਲਈ ਕੁੱਝ ਦਿਨ ਰਹਿਣਾ ਪਿਆ। ੨ ਦਸੰਬਰ ੨੦੧੪ ਨੂੰ ਇਹ ੨੮ ਸਾਲਾ ਔਰਤ ਨੇਪਾਲ ਦੇ ਵਰਧੀਆ ਜ਼ਿਲੇ ਤੋਂ ਰੋਹਤਕ ਵਿਖੇ ਪਹੁੰਚੀ ਸੀ।

5. ਰੋਜ਼ ਤਿੰਨ ਜਣਿਆਂ ਦੀ ਚਾਹ ਬਣਾਉਣ ਵਾਸਤੇ ਅੱਧ ਪਾ ਦੁੱਧ ਲੈਣ ਉਸਨੂੰ ਘਰੋਂ ਬਾਹਰ ਸੜਕ ਉੱਤੇ ਜਾਣਾ ਪੈਂਦਾ ਸੀ।

ਇਹ ਸਾਰੇ ਹੀ ਸਮਾਜ ਵੱਲੋਂ ਉਸਦੇ ਕਸੂਰ ਸਾਬਤ ਕੀਤੇ ਗਏ ਹਨ ਜਿਸ ਕਾਰਣ ਉਸ ਉੱਤੇ ਕਹਿਰ ਢਾਹੁਣਾ ਹੀ ਪੈਣਾ ਸੀ। ਇਨ੍ਹਾਂ ਕੀਤੇ ਕਸੂਰਾਂ ਲਈ ਉਸਨੂੰ ਜਿਹੜੀ ਸਜ਼ਾ ਦਿੱਤੀ ਗਈ, ਉਹ ਸੀ :-

1. ਇਕ ਫਰਵਰੀ ੨੦੧੫ ਨੂੰ ਚਿਨਯੋਤ ਕਲੋਨੀ ਤੋਂ ਦੁੱਧ ਲੈਣ ਗਈ ਨੂੰ ੯ ਜਵਾਨ ਮੁੰਡਿਆਂ ਨੇ ਆਪਣੀ ਜਿਸਮਾਨੀ ਭੁੱਖ ਮਿਟਾਉਣ ਲਈ ਚੁੱਕਿਆ। ਭਲਾ ਇਸ ਵਿਚ ਉਨ੍ਹਾਂ ਦਾ ਕੀ

Namdhari Elibrary NamdhariElibrary@gmail.com

ਕਸੂਰ ਸੀ! ਮੰਦਬੁੱਧ ਨੇ ਰੌਲਾ ਪਾਇਆ ਕਿਉਂ ਨਹੀਂ? ਜੇ ਉਸਨੂੰ ਸਮਝ ਹੀ ਨਹੀਂ ਕਿ ਕੁਝ ਮਾੜਾ ਹੋਣ ਵਾਲਾ ਹੈ ਤਾਂ ਇਹ ਤਾਂ ਪੂਰਾ ਦਾ ਪੂਰਾ ਕਸੂਰ ਮੰਦਬੁੱਧ ਦਾ ਹੀ ਹੈ। ਫਿਰ ਵੀ ਇਸ ਦੀ ਸ਼ਿਕਾਇਤ ਉਸਦੇ ਭੈਣ ਤੇ ਜੀਜੇ ਨੇ ਰੋਹਤਕ ਦੇ ਗਾਂਧੀ ਨਗਰ ਥਾਣੇ ਵਿਚ ਦਰਜ ਕਰਵਾ ਦਿੱਤੀ।

2. ਗੱਧੀ ਖੇੜੀ ਪਿੰਡ ਵਿਖੇ ਜਾ ਕੇ 'ਸ਼ੇਰ' ਜਵਾਨਾਂ ਨੇ ਉਸਦੇ ਪਾਟੇ ਲੀੜੇ ਜਿਸਮ ਤੋਂ ਅਲੱਗ ਕਰ ਦਿੱਤੇ। ਉਨ੍ਹਾਂ ਨੌਂ ਹਰਾਮਖ਼ਰਾਂ ਨੇ ਦੋ ਦਿਨ ਖ਼ੌਰੇ ਕਿੰਨੀ ਕਿੰਨੀ ਵਾਰ ਉਸਨੂੰ ਚੂੰਡਿਆ।

3. ਜਦੋਂ ਏਨਾ ਹੋ ਜਾਣ ਬਾਅਦ ਵੀ ਮੰਦਬੁੱਧ ਨੇਪਾਲਣ ਨੇ ਫਰਸ਼ ਤੋਂ ਉੱਠਣ ਦੀ ਕੋਸ਼ਿਸ਼ ਕੀਤੀ ਤਾਂ ਸਭਨਾਂ ਨੇ ਆਪੋ ਆਪਣੇ ਕੰਡੋਮ ਸੋਟੀਆਂ ਉੱਤੇ ਟੁੰਗ ਕੇ ਹੇਠੋਂ ਉਸਦੇ ਸਰੀਰ ਅੰਦਰ ਧੱਕ ਦਿੱਤੇ। ਜਦੋਂ ਸਾਰੇ ਪੂਰੇ ਅੰਦਰ ਨਾ ਟਿਕੇ ਤਾਂ ਬਲੇਡ ਨਾਲ ਚੀਰੇ ਪਾ ਕੇ ਅੰਤੜੀਆਂ ਪਾੜੀਆਂ ਗਈਆਂ ਤੇ ਬਲੇਡਾਂ ਨੂੰ ਕੰਡੋਮਾਂ ਸਮੇਤ ਸੋਟੀਆਂ ਨਾਲ ਧੱਕ ਕੇ ਢਿੱਡ ਤਾਈਂ ਪਹੁੰਚਾ ਦਿੱਤਾ ਗਿਆ।

4. ਮੰਦਬੁੱਧ ਨੇ ਜਦੋਂ ਪੀੜ ਨਾਲ ਕਰਾਹੁਣ ਦੀ ਕੋਸ਼ਿਸ਼ ਕੀਤੀ ਤਾਂ ਦੋ ਜਣਿਆਂ ਨੇ ਸਿਰ ਉੱਤੇ ਪੱਥਰ ਮਾਰ ਕੇ ਉਸਦੇ ਸਿਰ ਦੀਆਂ ਹੱਡੀਆਂ ਤੋੜ ਦਿੱਤੀਆਂ ਤੇ ਪਸਲੀਆਂ ਅਤੇ ਲੱਤਾਂ ਦੀਆਂ ਹੱਡੀਆਂ ਵੀ ਭੰਨ ਦਿੱਤੀਆਂ।

5. ਸਜ਼ਾ ਹਾਲੇ ਪੂਰੀ ਨਹੀਂ ਸੀ ਹੋਈ। ਇਸੇ ਲਈ ਕਿਸੇ ਨੂੰ ਇਹ ਸ਼ੱਕ ਹੋਇਆ ਕਿ ਜੇ ਇਸਨੇ ਹਾਲੇ ਵੀ ਹਿੱਲਣ ਦੀ ਕੋਸ਼ਿਸ਼ ਕੀਤੀ ਤਾਂ ਕੰਡੋਮ ਕਿਤੇ ਇਸਦੇ ਢਿੱਡ ਅੰਦਰੋਂ ਬਾਹਰ ਨਾ ਨਿਕਲ ਜਾਣ। ਇਸੇ ਲਈ ਅੱਧਾ ਕਿੱਲੋ ਨੋਕੀਲੇ ਪੱਥਰ ਉਸਦੇ ਬੱਚੇਦਾਨੀ ਅੰਦਰ ਸੋਟੀਆਂ ਨਾਲ ਧੱਕ ਕੇ ਠੂਸ ਦਿੱਤੇ ਗਏ ਅਤੇ ਬੱਚੇਦਾਨੀ ਦਾ ਰਾਹ ਬਲੇਡਾਂ ਨਾਲ ਕੱਟ ਦਿੱਤਾ !

6. ਇਸਤੋਂ ਬਾਅਦ ਜਿਸਮ ਦੀਆਂ ਸਾਰੀਆਂ ਹੱਡੀਆਂ ਤੋੜ ਕੇ, ਮਾਸ ਨੂੰ ਬਲੇਡਾਂ ਨਾਲ ਕੱਟ ਕੇ, ਪੂਰਾ ਸਰੀਰ ਜ਼ਖ਼ਮੀ ਕਰ ਕੇ ਛੱਡ ਦਿੱਤਾ ਗਿਆ। ਇਹ ਸੋਚ ਲਿਆ ਗਿਆ ਕਿ ਹੁਣ ਤਾਂ ਮਰ ਹੀ ਗਈ ਹੋਵੇਗੀ, ਸੋ ਖਹਿੜਾ ਛੁਟ ਗਿਆ। ਉਸਨੂੰ ਉਸਦੀ ਬਣਦੀ ਸਜ਼ਾ ਪੂਰੀ ਹੋ ਗਈ ਸੋਚ ਕੇ, ਉਨ੍ਹਾਂ ਵਾਪਸ ਜਾਣ ਦੀ ਤਿਆਰੀ ਕਰ ਲਈ।

7. ਖ਼ੌਰੇ ਕਿੰਨੀ ਸਖ਼ਤ ਜਾਨ ਸੀ ਉਹ ਮੰਦਬੁੱਧ ਔਰਤ ਕਿ ਮਰਨ ਤੋਂ ਪਹਿਲਾਂ ਦਿਮਾਗ ਅੰਦਰ ਲਹੂ ਚੱਲਣ ਕਾਰਣ ਦੌਰੇ ਦੀ ਸ਼ਕਲ ਵਿਚ ਉਸਦਾ ਸਰੀਰ ਆਕੜ ਗਿਆ। ਇਹ ਹੁਣ ਸਾਰਿਆਂ ਲਈ ਅਸਹਿ ਸੀ। ਨੌ ਜਣਿਆਂ ਵੱਲੋਂ ਪੂਰਾ ਤਸ਼ੱਦਦ ਢਾਹੁਣ ਬਾਅਦ ਅਤੇ ਸਾਰਾ ਲਹੂ ਨਿਚੋੜ ਦੇਣ ਬਾਅਦ ਵੀ ਸਾਹ ਕਿਵੇਂ ਅਟਕਿਆ ਰਹਿ ਸਕਦਾ ਹੈ? ਇਹ ਤਾਂ ਮਰਦਾਨਗੀ ਨੂੰ ਵੰਗਾਰ ਵਾਲੀ ਗੱਲ ਹੋ ਗਈ।

8. ਇਸੇ ਲਈ ਉਸਨੂੰ ਖੇਤਾਂ ਵਿਚ ਅਵਾਰਾ ਕੁੱਤਿਆਂ ਅੱਗੇ ਸੁਟ ਦਿੱਤਾ ਗਿਆ ਜਿਨ੍ਹਾਂ ਨੇ ਸਰੀਰ ਉੱਤੇ ਬਚੇ ਮਾਸ ਦਾ ਟੋਟਾ ਟੋਟਾ ਨੋਚ ਸੁੱਟਿਆ।

ਚਾਰ ਫਰਵਰੀ ੨੦੧੫ ਨੂੰ ਪੁਲਿਸ ਨੂੰ ਬਹੂ ਅਕਬਰਪੁਰ ਪਿੰਡ ਵਿੱਚੋਂ (ਰੋਹਤਕ ਹਿਸਾਰ ਸੜਕ ਉੱਤੇ) ਉਸਦੀ ਬਚੀ ਖੁਚੀ ਲਾਸ਼ ਮਿਲੀ ਜੋ ਪੋਸਟ ਮਾਰਟਮ ਲਈ ਭੇਜੀ ਗਈ। ਛੇ ਫਰਵਰੀ ਨੂੰ ਪੋਸਟ ਮਾਰਟਮ ਦੀ ਰਿਪੋਰਟ ਦੇਣ ਵਾਲਾ ਡਾਕਟਰ ਵੀ ਰੋ ਪਿਆ ਅਤੇ ਏਨਾ ਭਿਆਨਕ ਨਜ਼ਾਰਾ ਵੇਖ ਕੇ ਦੋ ਦਿਨ ਸੌਂ ਨਹੀਂ ਸਕਿਆ।

੯ ਫਰਵਰੀ ੨੦੧੫ ਨੂੰ ਅੱਠ ਮੁਸ਼ਟੰਡੇ ਤਾਂ ਫੜ ਲਏ ਗਏ ਪਰ ਨੌਂਵਾਂ ਆਪਣੇ ਗੁਨਾਹ ਨੂੰ ਕਬੂਲ ਕਰਨ ਤੋਂ ਪਹਿਲਾਂ ਹੀ ਬਦਨਾਮੀ ਤੋਂ ਡਰਦਾ ਮਾਰਾ ਜ਼ਹਿਰ ਖਾ ਕੇ ਆਤਮਹੱਤਿਆ ਕਰ ਗਿਆ। ਬਾਈ ਸਾਲਾਂ ਦਾ ਸੋਮਬੀਰ ਫੈਕਟਰੀ ਵਿਚ ਕੰਮ ਕਰਦਾ ਸੀ ਪਰ ਉਸਨੂੰ ਇਹ ਅਫ਼ਸੋਸ ਨਹੀਂ ਸੀ ਕਿ ਔਰਤ ਪਾੜੀ ਬਲਕਿ ਇਹ ਅਫ਼ਸੋਸ ਸੀ ਕਿ ਆਪਣੇ ਤੋਂ ਵੱਡੀ ਉਮਰ ਦੀ ਪਾੜੀ! ਇਸੇ ਅਫ਼ਸੋਸ ਵਜੋਂ ਕਿ ੨੮ ਵਰ੍ਹਿਆਂ ਦੀ ਆਪਣੇ ਤੋਂ ਵੱਡੀ ਨੇਪਾਲਣ ਨਾਲੋਂ ਅੱਲੜ੍ਹ ਕੁੜੀ ਚੱਥੀ ਜਾਂਦੀ ਤਾਂ ਇੱਜ਼ਤ ਵਧਣੀ ਸੀ, ਉਸਨੇ ਆਪਣੇ ਆਪ ਨੂੰ ਫਟਕਾਰ ਪਾਈ ਅਤੇ ਦੁਨੀਆਂ ਨੂੰ ਅਲਵਿਦਾ ਕਹਿ ਗਿਆ ! ਵਿਚਾਰਾ ਆਪਣੀ ਇੱਜ਼ਤ ਹੋਰ ਉਤਾਂਹ ਨਹੀਂ ਚੁੱਕ ਸਕਿਆ ਤੇ ਇਸੇ ਹਸਰਤ ਨੂੰ ਮਨ ਵਿਚ ਲਈ ਤੁਰ ਗਿਆ!

ਇਸ ਭਿਆਨਕ ਤਰੀਕੇ ਦੇ ਕਤਲ ਬਾਰੇ ਪਤਾ ਲੱਗਦੇ ਸਾਰ ਜਾਗਦੇ ਜ਼ਮੀਰਾਂ ਵਾਲੇ ਲੋਕ ਸੜਕਾਂ ਉੱਤੇ ਨਾਅਰੇ ਲਾ ਕੇ ਟਰੈਫਿਕ ਰੋਕ ਕੇ ਬਹਿ ਗਏ ਜਿਸ ਸਦਕਾ ਪੁਲਿਸ ਨੇ ਰਾਜੇਸ਼, ਸੁਨੀਲ, ਸਰਵਰ (ਬਿੱਲੂ), ਮਨਵੀਰ, ਸੱਧਾ, ਪਵਨ, ਪ੍ਰਮੋਦ ਅਤੇ ਸੰਤੋਸ਼ ਨੂੰ ਗੱਧੀ ਖੇੜੀ ਪਿੰਡ ਵਿੱਚੋਂ ਇਸ ਜੁਰਮ ਵਾਸਤੇ ਫੜ ਲਿਆ ਅਤੇ ਉਨ੍ਹਾਂ ਸਾਰਿਆਂ ਨੇ ਮੰਨਿਆ ਕਿ ਉਨ੍ਹਾਂ ਭਾਰੇ ਪੱਥਰ ਨਾਲ ਮੰਦਬੁੱਧ ਨੇਪਾਲਣ ਦੇ ਸਿਰ ਅਤੇ ਛਾਤੀ ਦੀਆਂ ਹੱਡੀਆਂ ਤੋੜੀਆਂ, ਅੰਤੜੀਆਂ ਨੂੰ ਬਲੇਡ ਨਾਲ ਪਾੜ ਕੇ ਕੰਡੋਮ ਭਰੇ, ਬੱਚੇਦਾਨੀ ਦੇ ਰਾਹ ਸੋਟੀਆਂ ਅਤੇ ਨੋਕੀਲੇ ਪੱਥਰ ਭਰਨ ਦੇ ਬਾਅਦ ਵੀ ਜਦੋਂ ਉਸਦੇ ਸਵਾਸ ਬਾਕੀ ਰਹਿ ਗਏ ਸਨ ਤਾਂ ਕੁੱਤਿਆਂ ਅੱਗੇ ਸੁੱਟਣਾ ਉਨ੍ਹਾਂ ਦੀ ਮਜਬੂਰੀ ਬਣ ਗਈ ਸੀ।

ਉਹ ਅੱਠ ਜਣੇ ਹਾਲੇ ਤਕ ਆਪਣੇ ਆਪ ਨੂੰ ਸਹੀ ਮੰਨਦੇ ਹੋਏ ਬੁਲੰਦ ਆਵਾਜ਼ ਵਿਚ ਕਹਿ ਰਹੇ ਸਨ ਕਿ ਔਰਤ ਹੁੰਦੀ ਹੀ ਪੈਰ ਦੀ ਜੁੱਤੀ ਹੈ। ਜਦੋਂ ਚਾਹੋ ਬਦਲ ਲਵੋ। ਪਰ ਜ਼ੁਲਮ ਢਾਹੇ ਜਾਣ ਬਾਅਦ ਜੇ ਅੱਗੋਂ ਔਰਤ ਸਾਹ ਵੀ ਤੇਜ਼ ਲੈ ਜਾਵੇ ਤਾਂ ਇਹ ਉਸਦਾ

ਜੁਰਮ ਮੰਨਿਆ ਜਾਣਾ ਚਾਹੀਦਾ ਹੈ ਅਤੇ ਢੁਕਵੀਂ ਸਜ਼ਾ ਜ਼ਰੂਰ ਦੇਣੀ ਚਾਹੀਦੀ ਹੈ। ਇਹੀ ਮਿਸਾਲ ਉਨ੍ਹਾਂ ਨੇ ਦੁਨੀਆਂ ਸਾਹਮਣੇ ਜ਼ਾਹਿਰ ਕੀਤੀ ਹੈ ਕਿ ਦਿੱਲੀ ਦੀ ਨਿਰਭਯਾ ਉੱਤੇ ਘੱਟ ਜ਼ੁਲਮ ਢਾਹੇ ਗਏ ਸਨ, ਇਸੇ ਲਈ ਉਨ੍ਹਾਂ ਨੇ ਪੂਰੇ ਵਿਸ਼ਵ ਦੀਆਂ ਔਰਤਾਂ ਨੂੰ ਸਬਕ ਸਿਖਾਉਣ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਔਕਾਤ ਵਿਖਾਉਣ ਲਈ ਇਹ ਸਭ ਕੀਤਾ ਹੈ।

ਉਨ੍ਹਾਂ ਸਪਸ਼ਟ ਕਹਿ ਦਿੱਤਾ ਹੈ ਕਿ ਜੇਲ ਤੋਂ ਛੁਟ ਜਾਣ ਬਾਅਦ ਅਜਿਹੀ ਸਜ਼ਾ ਕਿਸੇ ਹੋਰ ਨੂੰ ਦੇਣ ਵਿਚ ਉਹ ਕਦੇ ਵੀ ਗੁਰੇਜ਼ ਨਹੀਂ ਕਰਣਗੇ। ਪਰ, ਅੱਗੇ ਤੋਂ ਨਿੱਕੀ ਬਾਲੜੀ ਨਾਲ ਅਜਿਹਾ ਕਰਨ ਦਾ ਮਜ਼ਾ ਜ਼ਰੂਰ ਚੱਖਣਗੇ ਤਾਂ ਜੋ ਸੋਮਬੀਰ ਵਾਂਗ ਉਨ੍ਹਾਂ ਦੀ ਆਤਮਾ ਉਨ੍ਹਾਂ ਨੂੰ ਕਚੋਟੇ ਨਾ ਕਿ ਆਪਣੇ ਤੋਂ ਵੱਡੀ ਉਮਰ ਵਾਲੀ ਨਾਲ ਹੀ ਸਿਰਫ਼ ਅਜਿਹਾ ਕਰ ਸਕਦੇ ਹਨ।

ਇਹ ਕੇਸ ਲਗਭਗ ਹਰ ਅਖ਼ਬਾਰ ਦੇ ਮੁਖ ਪੰਨੇ ਉੱਤੇ ਇਸੇ ਸੁਰਖ਼ੀ ਹੇਠ ਛਪਿਆ ਹੈ - "ਅਤਿ ਦੇ ਅਣਮਨੁੱਖੀ ਤੇ ਘਿਨਾਉਣੇ ਤਰੀਕੇ ਹੋਏ ਜਬਰ ਜ਼ਨਾਹ ਮਗਰੋਂ ਲਾਸ਼ ਕੁੱਤਿਆਂ ਅੱਗੇ ਸੁੱਟੀ।"

ਹੁਣ ਨੇਪਾਲਣ ਦੇ ਭੈਣ ਅਤੇ ਭਰਾ ਨੇ ਇਨ੍ਹਾਂ ਅੱਠਾਂ ਲਈ ਫਾਂਸੀ ਦੀ ਮੰਗ ਕੀਤੀ ਹੈ। ਇਸ ਦਰਿੰਦਗੀ ਲਈ ਕਿੰਨੇ ਸਾਲ ਕੇਸ ਚੱਲਣ ਵਾਲਾ ਹੈ, ਇਸਤੋਂ ਸਭ ਵਾਕਿਫ਼ ਹਨ। ਕਿੰਨੇ ਨੁਕਤੇ ਵਕੀਲ ਇਨ੍ਹਾਂ ਨੂੰ ਬਚਾਉਣ ਲਈ ਲੱਭਣ ਵਾਲਾ ਹੈ, ਇਸਤੋਂ ਵੀ ਸਭ ਵਾਕਿਫ਼ ਹਨ! ਫਾਂਸੀ ਦੀ ਸਜ਼ਾ ਜੇ ਕਿਤੇ ੧੦ ਸਾਲ ਬਾਅਦ ਭੁੱਲ ਭੁਲੇਖੇ ਸੁਣਾਈ ਵੀ ਗਈ ਤਾਂ ਉਮਰ ਕੈਦ ਵਿਚ ਤਬਦੀਲ ਹੋ ਜਾਏਗੀ, ਇਹ ਵੀ ਸਭ ਜਾਣਦੇ ਹਨ!

ਕੈਦ ਤੋਂ ਛੁਟ ਜਾਣ ਬਾਅਦ ਅਜਿਹਾ ਜੁਰਮ ਉਹ ਦੁਬਾਰਾ ਕਰਨ ਵਾਲੇ ਹਨ, ਇਸਤੋਂ ਜੇ ਸਾਰੇ ਵਾਕਫ਼ ਨਹੀਂ ਤਾਂ ਜੁਰਮ ਕਰਨ ਵਾਲੇ ਆਪ ਹੀ ਰੌਲਾ ਪਾ ਕੇ ਇਹ ਸਭ ਦਸ ਰਹੇ ਹਨ।

ਕੀ ਇਸਦੀ ਸਜ਼ਾ ਪੂਰੀ ਔਰਤ ਜ਼ਾਤ ਨੂੰ ਨਹੀਂ ਮਿਲਣੀ ਚਾਹੀਦੀ ਜਿਸਦੇ ਕੁੱਖੋਂ ਹੁਣ ਇਨਸਾਨ ਪੈਦਾ ਹੋਣੋਂ ਹਟ ਚੁੱਕੇ ਹਨ? ਔਰਤ ਦਾ ਨਾਮੋ ਨਿਸ਼ਾਨ ਜਦ ਤਕ ਇਸ ਧਰਤੀ ਤੋਂ ਨਹੀਂ ਮਿਟਾਇਆ ਜਾਂਦਾ, ਉਦੋਂ ਤਕ ਹੈਵਾਨ ਜੰਮਣੇ ਬੰਦ ਹੋ ਹੀ ਨਹੀਂ ਸਕਦੇ। ਹਰ ਗਲੀ, ਹਰ ਮੁਹੱਲੇ, ਹਰ ਪਿੰਡ ਵਿਚ ਅਜਿਹੇ ਟੋਲੇ ਤਿਆਰ ਹੋ ਚੁੱਕੇ ਹਨ ਜੋ ਚੁਣ ਚੁਣ ਕੇ ਔਰਤ ਜ਼ਾਤ ਨੂੰ ਖ਼ਤਮ ਕਰਨ ਲਈ ਤਿਆਰ ਬੈਠੇ ਹਨ ਅਤੇ ਉਦੋਂ ਤਕ ਸਰਗਰਮ ਰਹਿਣਗੇ ਜਦੋਂ ਤਕ ਹਰ ਮਾਂ, ਹਰ ਧੀ, ਹਰ ਭੈਣ, ਹਰ ਬੇਟੀ ਦਾ ਚੀਰਹਰਣ ਕਰਕੇ ਉਸ ਨੂੰ ਇੰਜ ਹੀ ਤਸੀਹੇ ਦੇ ਕੇ ਇਸ ਧਰਤੀ ਤੋਂ ਵਿਦਾ ਨਹੀਂ ਕਰ ਦਿੰਦੇ।

ਕੋਈ ਸਜ਼ਾ, ਕੋਈ ਕਾਨੂੰਨ ਅਜਿਹੇ ਅਣਮਨੁੱਖੀ ਵਰਤਾਰੇ ਨੂੰ ਰੋਕਣ ਵਿਚ ਕਾਮਯਾਬ ਨਹੀਂ ਹੋ ਸਕੇ। ਲੋਕ ਵੀ ਰੌਲਾ ਪਾ ਕੇ, ਹੰਭ ਕੇ ਬਹਿ ਜਾਂਦੇ ਹਨ। ਆਖ਼ਰ ਰੋਜ਼ ਦੇ ਵਧਦੇ ਜਾਂਦੇ ਨਵੇਂ ਕਤਲਾਂ ਦੇ ਕੇਸ ਅਤੇ ਭਿਆਨਕ ਤਰੀਕੇ ਕੀਤੇ ਜਾ ਰਹੇ ਜਬਰਜ਼ਨਾਹ ਲਈ ਕੋਈ ਕਿੰਨੇ ਦਿਨ ਆਵਾਜ਼ ਚੁੱਕਦਾ ਰਹਿ ਸਕਦਾ ਹੈ?

ਕੁੱਝ ਵੀ ਹਾਲੇ ਤਕ ਕਾਰਗਰ ਸਾਬਤ ਨਹੀਂ ਹੋ ਸਕਿਆ ਜਿਸਦਾ ਡਰ ਅਣਮਨੁੱਖੀ ਵਰਤਾਰੇ ਵਿਚ ਠੱਲ ਪਾ ਸਕੇ। ਇਸੇ ਲਈ ਇਨ੍ਹਾਂ ਬੇਖ਼ੌਫ਼ ਟੋਲਿਆਂ ਦੀ ਗਿਣਤੀ ਦਿਨੋ ਦਿਨ ਵਧਦੀ ਜਾ ਰਹੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ - ਜਦੋਂ ਜ਼ੁਲਮ ਦੀ ਇੰਤਹਾ ਹੋ ਜਾਏ ਤਾਂ ਤਲਵਾਰ ਚੁੱਕਣੀ ਜਾਇਜ਼ ਹੋ ਜਾਂਦੀ ਹੈ। ਕੀ ਹਾਲੇ ਇੰਤਹਾ ਹੋਣ ਵਿਚ ਕਸਰ ਬਾਕੀ ਰਹਿ ਗਈ ਹੈ? ਜੇ ਔਰਤਾਂ ਅਜਿਹੇ ਹੈਵਾਨ ਪੈਦਾ ਕਰਨ ਦੀ ਤਾਕਤ ਰੱਖਦੀਆਂ ਹਨ ਤਾਂ ਇਨ੍ਹਾਂ ਦੀ ਸੰਘੀ ਨੱਪਣ ਦੀ ਵੀ ਤਾਕਤ ਜ਼ਰੂਰ ਰੱਖਦੀਆਂ ਹਨ। ਸ਼ੇਰਾਂ ਉੱਤੇ ਸਵਾਰੀ ਕਰਨ ਵਾਲੀ ਮਾਂ ਨੇ ਹੀ ਰਾਹ ਵਿਖਾਇਆ ਹੈ ਕਿ ਇਨ੍ਹਾਂ ਨਾਲ ਕਿਵੇਂ ਨਜਿੱਠਣਾ ਚਾਹੀਦਾ ਹੈ।

ਅੱਖ ਦੇ ਬਦਲੇ ਅੱਖ, ਹੱਥ ਬਦਲੇ ਹੱਥ ਅਤੇ ਲਿੰਗ ਬਦਲੇ ਲਿੰਗ ਦਾ ਕੱਟਣਾ ਹੀ ਇੱਕੋ ਰਾਹ ਬਚਿਆ ਜਾਪਦਾ ਹੈ। ਜੇ ਹਾਲੇ ਵੀ ਅਕਲ ਨਾ ਆਈ ਅਤੇ ਸੁੱਤੇ ਰਹਿ ਗਏ ਤਾਂ ਪੰਪੂਆ ਤੇ ਨਿਊ ਗਿਨੀ ਵਾਂਗ ਮਾਵਾਂ ਨੂੰ ਆਪਣੇ ਨਵਜੰਮੇ ਪੁੱਤਰਾਂ ਦਾ ਸੰਘ ਘੁੱਟਣਾ ਪੈ ਜਾਣਾ ਹੈ। ਉਸ ਥਾਂ ਸਦੀਆਂ ਤਕ ਜ਼ੁਲਮ ਸਹਿਣ ਬਾਅਦ ਵੀ ਜਦੋਂ ਔਰਤਾਂ ਉੱਤੇ ਹੁੰਦੇ ਜੁਰਮਾਂ ਵਿਚ ਠੱਲ ਨਾ ਪਈ ਤਾਂ ਔਰਤਾਂ ਨੇ ਆਪ ਇਹ ਫੈਸਲਾ ਕਰ ਕੇ ਨਵਜੰਮੇ ਮੁੰਡਿਆਂ ਦੀ ਗਿਣਤੀ ਘਟਾ ਦਿੱਤੀ ਜਿਸ ਨਾਲ ਜ਼ੁਲਮਾਂ ਦਾ ਰੇਟ ਇਕ ਤਿਹਾਈ ਹੀ ਰਹਿ ਗਿਆ ਹੈ!

ਕੀ ਅਸੀਂ ਉਸੇ ਦੀ ਉਡੀਕ ਵਿਚ ਬੈਠੇ ਹਾਂ ਕਿ ਉਸਤੋਂ ਪਹਿਲਾਂ ਜਾਗ ਜਾਵਾਂਗੇ?

ਰਬ ਦਾ ਵਾਸਤਾ ਜੇ, ਅੱਗੇ ਤੋਂ ਅਜਿਹੇ ਲੋਕਾਂ ਅੱਗੇ ਹੈਵਾਨ ਲਿਖਕੇ ਜਾਨਵਰਾਂ ਅਤੇ ਹੈਵਾਨਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਨਾ ਕਰੀਏ ਕਿਉਂਕਿ ਇਨਸਾਨ ਇਨ੍ਹਾਂ ਤੋਂ ਕਈ ਗੁਣਾਂ ਅਗਾਂਹ ਲੰਘ ਚੁੱਕਿਆ ਹੋਇਆ ਹੈ। ਇਸੇ ਲਈ ਮੈਂ ਸ਼ੁਰੂ ਵਿਚ ਬੇਨਤੀ ਕੀਤੀ ਹੈ ਕਿ ਨਿਤ ਵਧਦੀ ਜਾਂਦੀ ਦਰਿੰਦਗੀ ਲਈ ਹੁਣ ਹੋਰ ਨਵੇਂ ਲਫ਼ਜ਼ ਘੜ੍ਹਨ ਦੀ ਲੋੜ ਪੈ ਗਈ ਹੈ।

*੨੮, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।*
*ਫੋਨ ਨੰ: ੦੧੭੫-੨੨੧੬੭੮੩*

Namdhari Elibrary NamdhariElibrary@gmail.com

# ਰੰਗ-ਬਰੰਗੇ ਫੁੱਲ



-ਵਰਿਆਮ ਸਿੰਘ ਸੰਧੂ

ਏਨੀ ਆਖ ਕੇ ਮੈਂ ਕਾਗਜ਼ ਸਮੇਟਣ ਲੱਗਾ। ਸਰੋਤਿਆਂ ਦੀਆਂ ਭਰਪੂਰ ਤਾੜੀਆਂ ਨਾਲ ਹਾਲ ਗੂੰਜ ਉੱਠਿਆ। ਬਹੁਤ ਸਾਰੇ ਲੇਖਕ ਉੱਠ ਕੇ ਪਰਸੰਸਾ ਕਰਦੇ ਹੱਥ ਮਿਲਾਉਣ ਲੱਗੇ। ਉਰਦੂ ਵਾਲਿਆਂ ਦੇ ਟੋਲੇ ਨੇ ਉੱਚੀ ਆਵਾਜ਼ ਵਿੱਚ ਆਖਿਆ, "ਬਈ ਪੰਜਾਬੀ ਵਾਲੇ ਤੋ ਮੇਲਾ ਲੂਟ ਕਰ ਲੇ ਗਏ!"

ਮੇਰੀ ਆਪਣੀ ਸੀਟ ਮੱਲੀ ਜਾ ਚੁੱਕੀ ਸੀ। ਸਭ ਨਾਲ ਹੱਥ ਮਿਲਾਉਂਦਾ ਮੈਂ ਲਗਭਗ ਹਾਲ ਦੇ ਅਖ਼ੀਰ ਵਿੱਚ ਜਾ ਕੇ ਲੱਭੀ ਖਾਲੀ ਕੁਰਸੀ 'ਤੇ ਬੈਠ ਗਿਆ। ਨਵਾਂ ਬੁਲਾਰਾ ਬੋਲਣ ਲੱਗਾ ਤਾਂ ਪਰਸੰਸਾ ਦੀ ਛੱਲ ਵਾਲੀਆਂ ਆਵਾਜ਼ਾਂ ਥੱਲੇ ਬੈਠ ਗਈਆਂ।

ਏਨੇ ਵਿੱਚ ਅੱਗੋਂ ਉੱਠ ਕੇ ਅਜੀਤ ਕੌਰ ਮੇਰੇ ਕੋਲ ਪਿੱਛੇ ਆਈ। ਖੜੀ-ਖਲੋਤੀ ਨੇ ਆਪਣੇ ਸੱਜੇ ਹੱਥ ਦੀ ਉਂਗਲ ਨਾਲ ਮੈਨੂੰ ਖੜੇ ਹੋ ਜਾਣ ਦਾ ਇਸ਼ਾਰਾ ਕੀਤਾ ਤੇ ਮੋਹ ਨਾਲ ਆਖਣ ਲੱਗੀ, "ਉੱਠ ਖੜਾ ਹੋ! ਤੂੰ ਕਹਾਣੀਆਂ ਲਿਖ ਕੇ ਤਾਂ ਸਾਡਾ ਸਿਰ ਉੱਚਾ ਕੀਤਾ ਹੀ ਸੀ ਪਰ ਅੱਜ ਬੋਲ ਕੇ ਵੀ ਪੰਜਾਬ ਦੀ ਪੱਗ ਉੱਚੀ ਕਰ ਦਿੱਤੀ ਹੈ! ਚੱਲ ਆ! ਮੈਨੂੰ ਜੱਫੀ ਪਾ।"

ਉਸਨੇ ਮੈਨੂੰ ਗਲ ਨਾਲ ਲਾਇਆ ਪਰ ਇਹ ਸੋਚ ਕੇ ਕਿ ਸਾਡੀ ਗੱਲ-ਬਾਤ ਨਾਲ ਚੱਲ ਰਹੇ ਸਮਾਗਮ ਵਿੱਚ ਕਿਸੇ ਪ੍ਰਕਾਰ ਦਾ ਵਿਘਨ ਨਾ ਪਵੇ, ਮੈਨੂੰ ਕਹਿਣ ਲੱਗੀ, "ਚੱਲ ਬਾਹਰ ਆ ਗੇਟ ਤੋਂ"

ਉਸਦੀ ਆਵਾਜ਼ ਵਿਚਲੇ ਅਧਿਕਾਰ ਤੇ ਮੋਹ ਦਾ ਖਿੱਚਿਆ ਮੈਂ ਛੋਟੇ ਬਾਲਾਂ ਵਾਂਗ ਸੰਗਦਾ ਹੋਇਆ ਉਸਦੇ ਪਿੱਛੇ ਤੁਰ ਪਿਆ। ਸੰਗਣ ਦਾ ਕਾਰਨ ਇਹ ਸੀ ਕਿ ਪੇਂਡੂ ਪਿਛੋਕੜ ਦਾ ਹੋਣ ਕਰਕੇ ਮੈਂ ਔਰਤ ਲੇਖਿਕਾਵਾਂ ਨਾਲ ਗਲੇ ਮਿਲਣ ਦਾ ਅਭਿਆਸੀ ਨਹੀਂ ਸਾਂ। ਜਦੋਂ ੧੯੮੮ ਵਿੱਚ ਅਜੀਤ ਕੌਰ ਨੇ ਕਹਾਣੀ-ਦਰਬਾਰ ਕਰਵਾਇਆ ਸੀ ਤਾਂ ਮੈਂ ਵੀ ਉਸਦੇ ਸੱਦੇ 'ਤੇ ਦਿੱਲੀ ਪੁੱਜਾ ਸਾਂ। ਪ੍ਰੇਮ ਪ੍ਰਕਾਸ਼ ਮੇਰੇ ਆਏ ਹੋਣ ਦੀ ਸੂਚਨਾ ਦੇਣ ਲਈ ਮੈਨੂੰ ਅਜੀਤ ਕੌਰ ਕੋਲ ਲੈ ਕੇ ਗਿਆ। ਉਸਨੇ ਮੈਨੂੰ 'ਜੀ ਆਇਆਂ' ਕਹਿੰਦਿਆਂ ਮੇਰੇ ਲੱਕ ਦਵਾਲੇ ਬਾਂਹ ਵਲੀ ਪਰ ਮੈਨੂੰ ਪਰਤਵੇਂ ਰੂਪ ਵਿੱਚ ਉਸਦੇ ਲੱਕ ਦਵਾਲੇ ਬਾਂਹ ਵਲਣ ਦੀ ਹਿੰਮਤ ਨਾ ਪਈ। ਦਿੱਲੀ ਵਾਲੇ ਤਾਂ ਇਸ ਹਕੀਕਤ ਨੂੰ ਸਮਝਦੇ ਸਨ ਕਿ ਅਜੀਤ ਕੌਰ ਵੱਲੋਂ ਮਰਦ ਲੇਖਕਾਂ ਨੂੰ ਵੀ 'ਜੱਫੀ' ਪਾ ਲੈਣਾ ਬੜਾ ਸਹਿਜ ਕਾਰਜ ਹੈ ਪਰ ਦਿੱਲੀ-ਕਲਚਰ ਤੋਂ ਅਨਜਾਣ ਪੰਜਾਬ ਦੇ ਲੇਖਕਾਂ ਨੂੰ ਤਾਂ ਉਸਦੇ ਮਨਮੋਹਣੇ ਸ਼ਬਦ ਅਤੇ ਗਲਵੱਕੜੀ ਦਾ ਨਿੱਘ ਕੁੱਝ ਜ਼ਿਆਦਾ ਹੀ 'ਹੁਲਾਰ' ਦਿੰਦਾ ਸੀ। ਉਸ ਕਹਾਣੀ ਦਰਬਾਰ ਉੱਤੇ ਹੀ ਮਿੱਤਰਾਂ ਦੀ ਮਹਿਫ਼ਿਲ ਵਿੱਚ ਰਾਮ ਸਰੂਪ ਅਣਖੀ ਆਖ ਰਿਹਾ ਸੀ, "ਮੈਂ ਤਾਂ ਅਜੀਤ ਕੌਰ ਦੀ ਚਿੱਠੀ ਵਿੱਚ ਲਿਖੇ ਸ਼ਬਦਾਂ ਦਾ ਖਿੱਚਿਆ ਚਲਿਆ ਆਇਆ ਹਾਂ। ਉਸਨੇ ਲਿਖਿਆ ਹੀ ਏਨੇ ਮੋਹ ਨਾਲ ਸੀ ਕਿ ਕੋਈ ਆਉਣੋਂ ਨਾਂਹ ਕਿਵੇਂ ਕਰ ਸਕਦੈ!" ਕਿਸੇ ਨੇ ਚਿੱਠੀ ਦੀ ਇਬਾਰਤ ਪੁੱਛੀ ਤਾਂ ਅਣਖੀ ਜ਼ਬਾਨੀ-ਕਲਾਮੀ ਦੱਸਣ ਲੱਗਾ, "ਬੱਸ ਕੁੱਝ ਇਸਤਰ੍ਹਾਂ ਹੀ ਹੈ; ਅਣਖੀ ਜੀ ਤੁਹਾਡੇ ਬਿਨਾਂ ਇਹ ਕਹਾਣੀ-ਦਰਬਾਰ ਨਾ-ਮੁਕੰਮਲ ਹੈ। ਤੁਸੀਂ ਆਵੋਗੇ ਤਾਂ ਗਰਮਾ ਗਰਮ ਪਕੌੜੇ ਖਾਂਦੇ ਚਾਹ ਦੀਆਂ ਚੁਸਕੀਆਂ ਭਰਾਂਗੇ ਤੇ ਮਿੱਠੀਆਂ ਮਿੱਠੀਆਂ ਗੱਲਾਂ ਗੱਲਾਂ ਕਰਾਂਗੇ! ਦੋਸਤਾਂ ਦੀਆਂ ਕਹਾਣੀਆਂ ਸੁਣਾਂਗੇ, ਨਿੱਘੀ ਧੁੱਪ ਦਾ ਆਨੰਦ ਲਵਾਂਗੇ।" ਕਿਸੇ ਹੋਰ ਨੇ ਆਪਣੀ ਜੇਬ ਵਿਚੋਂ ਚਿੱਠੀ ਕੱਢ ਕੇ ਕਿਹਾ, "ਅਣਖੀ ਐਵੇਂ ਨਾ ਫੁੱਲਿਆ ਫਿਰ, ਮੈਨੂੰ ਵੀ ਇਸਤਰ੍ਹਾਂ ਹੀ ਲਿਖਿਐ"। ਮੈਂ ਚੁੱਪ ਹੀ ਰਿਹਾ, ਭਾਵੇਂ ਲਿਖਿਆ ਮੈਨੂੰ ਵੀ ਇਹੋ ਕੁੱਝ ਹੀ ਸੀ।

ਹਾਲ ਵਿਚੋਂ ਬਾਹਰ ਨਿਕਲਦਿਆਂ ਹੀ ਅਜੀਤ ਕੌਰ ਨੇ ਬਾਹਵਾਂ ਖੋਲ੍ਹਦਿਆਂ ਮੈਨੂੰ ਆਪਣੇ ਨਾਲ ਘੁੱਟ ਲਿਆ। ਮੈਂ ਅਜੇ ਵੀ ਝਿਜਕ ਰਿਹਾਂ ਸਾਂ, ਉਹ ਕਹਿੰਦੀ, "ਪੂਰੇ ਜ਼ੋਰ ਨਾਲ, ਕੜਾਕੇ ਨਿਕਲ ਜਾਣ!"

ਉਸਨੇ ਨਿੱਕੇ ਬਾਲ ਵਾਂਗ ਮੈਨੂੰ ਆਪਣੀ ਬੁੱਕਲ ਵਿੱਚ ਲਿਆ ਹੋਇਆ ਸੀ, ਉਹ ਕੇਵਲ ਅਜੀਤ ਕੌਰ ਨਹੀਂ ਸੀ; ਉਹ ਤਾਂ ਮੇਰੀ ਮਾਂ ਸੀ ਜਿਹੜੀ ਮੇਰੀ ਪ੍ਰਾਪਤੀ ਦੀ ਖ਼ੁਸ਼ੀ ਵਿੱਚ ਭਿੱਜ ਕੇ ਮੈਨੂੰ ਲਾਡ-ਦੁਲਾਰ ਕਰ ਕੇ ਮੇਰਾ ਹੌਂਸਲਾ ਵਧਾ ਰਹੀ ਸੀ! ਇਹ ਅਜੀਤ ਕੌਰ ਦੀ 'ਦਿੱਲੀ-ਕਲਚਰ' ਵਾਲੀ ਰਸਮੀ ਕਿਸਮ ਦੀ ਜੱਫ਼ੀ ਹਰਗਿਜ਼ ਨਹੀਂ ਸੀ ਤੇ ਨਾ ਹੀ ਉਸ ਚਿੱਠੀ ਦੀ ਇਬਾਰਤ ਸੀ ਜਿਹੜੀ ਹਰ ਲੇਖਕ ਵਾਸਤੇ ਇੱਕੋ ਜਿਹੀ ਹੀ ਸੀ! ਇਹ ਤਾਂ

NamdhariElibrary NamdhariElibrary@gmail

ਸੁੱਚੇ ਪੰਜਾਬੀ-ਸਭਿਆਚਾਰ ਦੀ ਮਹਿਕ ਵਿੱਚ ਭਿੱਜੀ ਅਜਿਹੀ ਜੱਫ਼ੀ ਸੀ ਜਿਸ ਰਾਹੀਂ ਸਾਰਾ ਪੰਜਾਬੀ-ਜਗਤ ਅਜੀਤ ਕੌਰ ਦੇ ਰੂਪ ਵਿੱਚ ਅੱਜ ਮੈਨੂੰ ਆਪਣੇ ਗਲ਼ ਨਾਲ ਲਾ ਰਿਹਾ ਸੀ ਅਤੇ ਸੁਰ ਸਿੰਘ ਪਿੰਡ ਵਿੱਚ ਬੈਠੀ ਮੇਰੀ ਮਾਂ ਨੇ ਆਪਣੀਆਂ ਬਾਹਵਾਂ ਦਿੱਲੀ ਤੱਕ ਲੰਮੀਆਂ ਕਰਕੇ ਮੇਰੇ ਸਿਰ 'ਤੇ ਆਸ਼ੀਰਵਾਦੀ ਹੱਥ ਰੱਖ ਦਿੱਤਾ ਸੀ।

ਸਾਹਿਤ ਅਕਾਦਮੀ ਵਾਲੇ ਇਸ ਭਾਸ਼ਨ ਦੀ ਅਜਿਹੀ ਪਰਸੰਸਾ ਅਤੇ ਅਸੀਸ ਮੈਨੂੰ ਕਦੀ ਨਹੀਂ ਭੁੱਲਣ ਲੱਗੀ।

## ਅੰਤਿਕਾ

## ਸਾਹਿਤ ਅਕਾਦਮੀ ਇਨਾਮ ਮਿਲਣ ਸਮੇਂ ਦਿੱਤਾ ਭਾਸ਼ਨ

ਅਣਵੰਡੇ ਪੰਜਾਬ ਦੇ ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ ਵਿੱਚ ਸੀ ਮੇਰਾ ਪਿੰਡ ਸੁਰ ਸਿੰਘ; ਜੋ ਅੱਜ ਕੱਲ੍ਹ ਅੰਮ੍ਰਿਤਸਰ ਜ਼ਿਲ੍ਹੇ ਦੀ ਪੱਟੀ ਤਹਿਸੀਲ ਵਿੱਚ ਹਿੰਦ-ਪਾਕਿ ਸਰਹੱਦ ਤੋਂ ਕੇਵਲ ਚਾਰ-ਪੰਜ ਕਿਲੋਮੀਟਰ ਦੀ ਵਿੱਥ ਉੱਤੇ ਹੈ। ਪੰਜਾਬ ਦਾ ਮੱਧ 'ਮਾਝਾ' ਤੇ ਮਾਝੇ ਦਾ 'ਮੱਧ' ਇਹ ਇਲਾਕਾ 'ਮਾਝੇ ਦੀ ਧੁੰਨੀ' ਕਰ ਕੇ ਜਾਣਿਆ ਜਾਂਦਾ ਹੈ।

ਕਈ ਸਦੀਆਂ ਤੋਂ ਮੇਰੇ ਖ਼ਾਨਦਾਨ ਤੇ ਮੇਰੇ ਇਲਾਕੇ ਦੇ ਵਡੇਰਿਆਂ ਦੇ ਹੱਥਾਂ ਵਿੱਚ ਹਲ਼ਾਂ ਦੀਆਂ ਜੰਘੀਆਂ ਰਹੀਆਂ ਤੇ ਜਾਂ ਲਿਸ਼ਕਦੀਆਂ ਤਲਵਾਰਾਂ। ਉਹ ਸਦਾ ਆਪਣੀਆਂ ਫ਼ਸਲਾਂ ਦੇ ਸਿੱਧੇ ਸਤੋਰ ਸਿੱਟਿਆਂ ਵਾਂਗ ਸਵੈਮਾਣ ਨਾਲ ਸਿੱਧੀਆਂ ਧੌਣਾਂ ਅਤੇ ਸਿਰ ਉੱਚਾ ਚੁੱਕ ਕੇ ਜਿਉਣ ਦੀ ਕੋਸ਼ਿਸ਼ ਵਿੱਚ ਜੁੱਟੇ ਰਹੇ। ਧਰਤੀ ਦੀ ਹਿੱਕ ਚੀਰਦੇ ਧਰਤੀ ਜੇਡੇ ਜੇਰਿਆਂ ਵਾਲੇ ਇਹ ਲੋਕ ਸਿਰਾਂ ਉੱਤੇ ਪਏ ਸੰਕਟਾਂ ਦੇ ਸਨਮੁੱਖ ਹੋਣਾ ਤੇ ਉਹਨਾਂ ਨੂੰ ਸਹਿਣਾ ਜਾਣਦੇ ਸਨ। ਲੋੜ ਪੈਣ 'ਤੇ ਤਲਵਾਰ ਦੀ ਮੁੱਠ ਉੱਤੇ ਵੀ ਹੱਥ ਰੱਖ ਲੈਂਦੇ ਸਨ। ਦਸਾਂ ਨਹੁੰਆਂ ਦੀ ਕਿਰਤ ਕਰਨੀ ਤੇ ਸਵੈਮਾਣ ਨਾਲ ਜਿਉਣਾ ਜਿਨ੍ਹਾਂ ਦਾ ਜੀਵਨ-ਉਦੇਸ਼ ਸੀ। ਮੇਰੇ ਵਡੇਰਿਆਂ ਦਾ ਦਿੱਤਾ ਹੋਇਆ ਇਹ ਸਭ ਕੁਝ ਮੇਰੇ ਖ਼ਮੀਰ ਵਿੱਚ ਵੀ ਹੈ, ਪਰ ਸਵੈਮਾਣ ਨਾਲ ਜਿਉਣ ਲਈ ਦਸਾਂ ਨਹੁੰਆਂ ਕੋਲ ਕਰਨ ਲਈ ਕਿਰਤ ਵੀ ਚਾਹੀਦੀ ਹੈ ਅਤੇ ਉਸ ਕਿਰਤ ਉੱਤੇ ਆਪਣਾ ਹੱਕ ਵੀ। ਕਿਰਤ ਉੱਤੇ ਪਰਾਇਆ ਹੱਕ ਹੋਣਾ ਮੈਨੂੰ ਸਦਾ ਬੇਚੈਨ ਤੇ ਦੁਖੀ ਰੱਖਦਾ।

ਅੱਧੋਰਾਣੇ ਕੱਪੜਿਆਂ ਵਿੱਚ ਨੰਗੇ ਪੈਰੀਂ ਤਪਦੀ ਤੇ ਠਰਦੀ ਜ਼ਮੀਨ ਉੱਪਰ ਤੁਰਦਿਆਂ ਸਕੂਲ ਜਾਣਾ, ਪੈਰਾਂ ਵਿੱਚ ਕੰਡੇ ਅਤੇ ਬੁੱਝੇ ਮਰਵਾਉਂਦਿਆਂ ਵੱਢਾਂ ਵਿੱਚ ਡੰਗਰ ਚਾਰਨੇ, ਮੇਰਾ ਹੀ ਨਹੀਂ ਮੇਰੇ ਵਰਗੇ ਹੋਰ ਬਹੁਤ ਸਾਰਿਆਂ ਦਾ ਬਚਪਨ ਸੀ। ਜ਼ਿੰਦਗੀ ਦੀਆਂ ਬੁਨਿਆਦੀ ਸਹੂਲਤਾਂ ਤੋਂ ਵਿਰਵਾ ਇਹ ਮਾਸੂਮ ਬਚਪਨ ਅੰਦਰੇ ਅੰਦਰ ਸਵਾਲ ਵੀ ਕਰਦਾ ਸੀ ਕਿ ਨਵੇਂ ਕੱਪੜੇ ਤੇ ਨਵੇਂ ਮੌਜੇ ਪ੍ਰਾਪਤ ਕਰਨ ਦੀ ਇਹ ਰੀਝ ਅਕਸਰ ਇੱਕ ਫ਼ਸਲ ਤੋਂ ਦੂਜੀ ਫ਼ਸਲ ਦੇ ਆਉਣ ਤੱਕ ਕਿਉਂ ਟਾਲੀ ਜਾਂਦੀ ਸੀ! ਅਗਲੀ ਫ਼ਸਲ 'ਤੇ ਸਭ ਰੀਝਾਂ ਪੂਰੀਆਂ ਕਰ ਦੇਣ ਦਾ ਮਾਪਿਆਂ ਦਾ ਵਾਅਦਾ ਸੱਚ ਤਾਂ ਜਾਪਦਾ ਸੀ ਪਰ ਉਹਨਾਂ ਦੀਆਂ ਅੱਖਾਂ ਦੀ ਤਰਲ ਚੁੱਪ ਹੋਠਾਂ ਵਿਚੋਂ ਨਿਕਲੇ ਵਾਅਦੇ ਵਿਚਲੀ ਦ੍ਰਿੜ੍ਹਤਾ ਦੇ ਹਾਣ ਦੀ ਕਿਉਂ ਨਹੀਂ ਸੀ ਹੁੰਦੀ! ਪਿਆਸੇ ਮਨਾਂ ਉੱਤੇ ਕਦੀ ਰਜਵਾਂ ਮੀਂਹ ਨਹੀਂ ਸੀ ਪੈਂਦਾ।

ਜਦੋਂ ਮੈਂ ਕਲਮ ਚੁੱਕੀ ਤਾਂ ਥੁੜਾਂ ਮਾਰੀ ਲਾਹਨਤ ਭਰੀ ਇਸ ਜ਼ਿੰਦਗੀ ਨੂੰ ਬਦਲਣ ਦੀ ਤਾਂਘ ਅਚੇਤ ਹੀ ਮੇਰੇ ਅੰਦਰ ਉੱਸਲਵੱਟੇ ਭੰਨ ਰਹੀ ਸੀ। ਮੇਰੇ ਆਸੇ-ਪਾਸੇ ਗ਼ਰੀਬੀ ਦੇ ਭੰਨੇ ਲੋਕ ਸਨ, ਧੱਕਾ ਕਰਨ ਵਾਲੇ ਧਨੀ ਅਤੇ ਬਦਮਾਸ਼ ਸਨ, ਅੰਧ-ਵਿਸ਼ਵਾਸ ਅਤੇ ਵਹਿਮਾਂ-ਭਰਮਾਂ ਵਿੱਚ ਫ਼ਾਥੀ ਦੁਨੀਆਂ ਸੀ। ਜ਼ਬਾਨ ਅਤੇ ਮਜ਼ਬ ਦੇ ਨਾਂ 'ਤੇ ਲੜੀਆਂ ਜਾ ਰਹੀਆਂ ਫ਼ਿਰਕੂ ਲੜਾਈਆਂ ਸਨ। ਭ੍ਰਿਸ਼ਟ ਸਿਆਸਤ ਸੀ।

ਮੈਂ ਇਹਨਾਂ ਸਭ ਬੁਰਾਈਆਂ ਤੋਂ ਮੁਕਤ ਸਮਾਜ ਵੇਖਣਾ ਚਾਹੁੰਦਾ ਸਾਂ। ਇਸ ਤਬਦੀਲੀ ਲਈ ਮੈਂ ਲਿਖਤ ਦੀ ਪੱਧਰ 'ਤੇ ਜੂਝ ਰਿਹਾ ਸਾਂ। ਮੇਰੀ ਲਿਖਤ ਵਿੱਚ ਕੋਈ ਨਾ ਕੋਈ ਸੁਨੇਹਾ ਜ਼ਰੂਰ ਹੁੰਦਾ। ਮੈਂ ਸੋਚਦਾ ਜੇ ਮੈਨੂੰ ਚੰਗੇ ਲੱਗਣ ਵਾਲੇ ਲੇਖਕਾਂ ਨੇ ਮੇਰੇ ਅੰਦਰ ਆਦਰਸ਼ਕ ਸੋਚ ਅਤੇ 'ਹਾਂ-ਮੁਖ' ਤਬਦੀਲੀ ਦੀ ਰੀਝ ਪੈਦਾ ਕਰ ਦਿੱਤੀ ਹੈ ਤਾਂ ਮੇਰੀ ਲਿਖਤ ਨੂੰ ਵੀ ਇਹ ਰੋਲ ਅਦਾ ਕਰਨਾ ਚਾਹੀਦਾ ਹੈ। ਅਜੇ ਮੈਨੂੰ ਏਨੀ ਸਮਝ ਵੀ ਨਹੀਂ ਸੀ ਕਿ ਸਾਹਿਤਕ ਕਿਰਤ ਵਿੱਚ ਨਿਰੋਲ ਵਿਚਾਰ ਦੀ ਹੀ ਪ੍ਰਮੁੱਖਤਾ ਰਚਨਾ ਦੇ ਕਲਾਤਮਕ ਮੁੱਲ ਨੂੰ ਘਟਾ ਦਿੰਦੀ ਹੈ।

ਮੈਂ ਧੁਰ ਡੂੰਘਾਣਾਂ ਤੋਂ ਸਿਆਸੀ ਤੇ ਸਮਾਜੀ ਤਬਦੀਲੀ ਦਾ ਤਲਬਗ਼ਾਰ ਸਾਂ; ਪਰ ਇਹ ਤਬਦੀਲੀ ਸਿਰਫ਼ ਕਵਿਤਾ ਜਾਂ ਕਹਾਣੀਆਂ ਲਿਖਣ ਨਾਲ ਹੀ ਨਹੀਂ ਸੀ ਆ ਜਾਣੀ! ਇਸ ਲਈ ਅਮਲੀ ਤੌਰ 'ਤੇ ਕੁੱਝ ਚੰਗਾ ਕਰ ਗੁਜ਼ਰਨ ਦੀ ਰੀਝ ਵੀ ਮੇਰੇ ਮਨ ਅੰਦਰ ਅੰਗੜਾਈਆਂ ਲੈ ਰਹੀ ਸੀ। 'ਕੁਝ ਕਰਨ' ਦੇ ਨਾਲ ਨਾਲ ਜਦੋਂ ਮੈਂ ਆਪਣੇ ਪਹਿਲੇ ਕਹਾਣੀ-ਸੰਗ੍ਰਹਿ 'ਲੋਹੇ ਦੇ ਹੱਥ' ਦੀਆਂ ਕਹਾਣੀਆਂ ਲਿਖੀਆਂ ਤਾਂ ਉਹਨਾਂ ਵਿੱਚ ਸਥਾਪਤ ਨਜ਼ਾਮ ਪ੍ਰਤੀ ਸੰਘਣੀ ਨਫ਼ਰਤ ਅਤੇ ਇਸਨੂੰ ਬਦਲਣ ਦਾ ਸੁਨੇਹਾ ਸੀ ਜੋ ਮੇਰੇ ਅੰਦਰਲੇ ਸੇਕ ਨਾਲ ਕੁਝ ਵਧੇਰੇ ਫੁੱਲ ਗਿਆ ਸੀ ਤੇ ਕਿਤੇ ਕਿਤੇ ਕਲਾ ਦੇ ਘੇਰੇ ਤੋਂ ਬਾਹਰ ਵੀ ਹੋ ਗਿਆ।

ਪਰ ਛੇਤੀ ਹੀ 'ਕੁਝ ਕਰ ਗੁਜ਼ਰਨ ਵਾਲੀ' ਲਹਿਰ 'ਚੋਂ ਮੇਰਾ

Namdhari Elibrary NamdhariElibrary@gmail.com

ਵਿਸ਼ਵਾਸ ਡੋਲ ਗਿਆ। ਮਾਰਕਸਵਾਦ ਦੇ ਅਧਿਅਨ ਤੇ ਨਿੱਜੀ ਤਜਰਬੇ ਨੇ ਮੈਨੂੰ ਦੱਸਿਆ ਕਿ ਲੋਕ-ਸਾਥ ਤੋਂ ਵਿਰਵੀਆਂ ਤੇ ਲੋਕ-ਲਹਿਰ ਬਣਨ ਤੋਂ ਅਸਮਰੱਥ ਅਜਿਹੀਆਂ ਲਹਿਰਾਂ ਦਾ ਅਸਫ਼ਲ ਰਹਿਣਾ ਉਹਨਾਂ ਦੀ ਹੋਣੀ ਹੈ। ਮੈਂ ਇਸ ਲਹਿਰ ਤੋਂ ਕਿਨਾਰਾ ਕਰ ਲਿਆ। ਇਹ ਵੱਖਰੀ ਗੱਲ ਹੈ ਕਿ ਇੱਕ ਸਮੇਂ ਇਸ ਲਹਿਰ ਨਾਲ ਮੇਰਾ ਨਾਮ ਜੁੜ ਜਾਣ ਕਰ ਕੇ ਆਉਣ ਵਾਲੇ ਸਾਲਾਂ ਵਿੱਚ ਵੀ ਇਸਦਾ ਖ਼ਮਿਆਜ਼ਾ ਭੁਗਤਣਾ ਪਿਆ। ਝੂਠੇ ਪੁਲਿਸ ਕੇਸਾਂ ਦਾ ਸਾਹਮਣਾ ਕਰਦਿਆਂ ਇੰਟੈਰੋਗੇਸ਼ਨ ਸੈਂਟਰ ਵੀ ਜਾਣਾ ਪਿਆ ਤੇ ਐਮਰਜੈਂਸੀ ਵਿੱਚ ਡੀ ਆਈ ਆਰ ਅਧੀਨ ਜੇਲ੍ਹ ਜਾਣ ਤੋਂ ਇਲਾਵਾ ਵੀ ਕਈ ਵਾਰ ਜੇਲ੍ਹ-ਯਾਤਰਾ ਕਰਨੀ ਪਈ। ਮੈਨੂੰ ਹੁਣ ਇਸ ਸਭ ਕੁਝ ਦਾ ਕੋਈ ਪਛਤਾਵਾ ਨਹੀਂ। ਇਸ ਸਭ ਕੁਝ ਨਾਲ ਜੁੜ ਕੇ ਮੇਰਾ ਅਨੁਭਵ ਵਿਸ਼ਾਲ ਹੋਇਆ ਤੇ ਅਮੀਰ ਵੀ। ਉਂਜ ਵੀ ਮੇਰੇ ਪਿਛੋਕੜ, ਮੇਰੀ ਸੋਚ ਤੇ ਮੇਰੇ ਜੋਸ਼ ਦੇ ਸਨਮੁੱਖ ਮੇਰੇ ਲਈ ਇਸ ਪ੍ਰਕਿਰਿਆ ਵਿਚੋਂ ਗੁਜ਼ਰਨ ਤੋਂ ਸਿਵਾਇ ਹੋਰ ਕੋਈ ਬਦਲ ਨਹੀਂ ਸੀ ਹੋਣਾ।

ਮੈਂ ਸਾਹਿਤ ਅਤੇ ਸਿਆਸਤ ਦੇ ਆਪਸੀ ਸੰਬੰਧਾਂ ਤੋਂ ਇਨਕਾਰੀ ਨਹੀਂ ਸਾਂ। ਇਹ ਵੀ ਜਾਣਦਾ ਸਾਂ ਕਿ ਸਮਾਜਕ-ਮਨੁੱਖੀ ਜੀਵਨ ਦਾ ਵਡੇਰਾ ਭਾਗ ਸਿਆਸੀ ਵਰਤਾਰੇ ਤੋਂ ਹਮੇਸ਼ਾ ਪ੍ਰਭਾਵਿਤ ਹੁੰਦਾ ਹੈ ਅਤੇ ਕੋਈ ਵੀ ਵਡੇਰੀ ਜਾਂ ਬੁਨਿਆਦੀ ਤਬਦੀਲੀ ਸਿਆਸੀ ਤਬਦੀਲੀ ਤੋਂ ਬਿਨਾਂ ਸੰਭਵ ਨਹੀਂ। ਸਾਹਿਤ ਨੇ ਵੀ ਸਮਾਜਕ-ਮਨੁੱਖੀ ਜ਼ਿੰਦਗੀ ਨੂੰ ਹੀ ਪੇਸ਼ ਕਰਨਾ ਹੁੰਦਾ ਹੈ। ਇਸ ਲਈ ਸਿਆਸਤ ਦੇ ਸਾਹਿਤ ਉੱਤੇ ਅਸਰ ਜਾਂ ਸਾਹਿਤ ਰਾਹੀਂ ਸਿਆਸਤ ਦੇ ਪੇਸ਼ ਹੋਣ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਪਰ ਇਹ ਵੀ ਸੱਚ ਸੀ ਕਿ ਸਾਹਿਤ ਨਿਰੋਲ ਸਿਆਸਤ ਨਹੀਂ ਹੁੰਦਾ। ਸਾਹਿਤ ਰਾਹੀਂ ਸਿਆਸਤ ਦਾ ਪਰਚਾਰ ਵੀ 'ਸਾਹਿਤਕ ਢੰਗ' ਨਾਲ ਹੀ ਹੋ ਸਕਦਾ ਹੈ। ਸਾਹਿਤਕ-ਵਾਰ ਜਿੰਨਾਂ ਲੁਕਵਾਂ ਹੋਵੇਗਾ ਓਨਾ ਹੀ ਤੇਜ਼, ਤਿੱਖਾ ਤੇ ਕਾਟਵਾਂ ਹੋਵੇਗਾ। ਜਿੰਨਾਂ ਇਹ ਵਾਰ ਜ਼ਾਹਿਰਾ ਹੋਵੇਗਾ ਓਨਾ ਹੀ ਖੁੰਢਾ ਤੇ ਬੇਅਸਰ ਹੋਵੇਗਾ।

ਇਸ ਸੋਚ ਦੀ ਰੋਸ਼ਨੀ ਵਿੱਚ ਮੈਂ ਕਿਸੇ ਸਿਆਸਤ ਜਾਂ ਸਿਧਾਂਤ ਦਾ ਜ਼ਾਹਿਰਾ ਪਰਚਾਰ ਕਰਨ ਤੋਂ ਟੇਚ ਵੱਟ ਲਈ। ਹੁਣ ਮੈਂ ਆਪਣੇ ਚੌਗਿਰਦੇ ਦੇ ਯਥਾਰਥ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਸਮਝਣ ਅਤੇ ਪੇਸ਼ ਕਰਨ ਦਾ ਪੈਂਤੜਾ ਅਖ਼ਤਿਆਰ ਕਰ ਲਿਆ।

ਮੇਰੇ ਚੌਗਿਰਦੇ ਦਾ ਸਿਆਸੀ, ਸਮਾਜੀ ਤੇ ਸਭਿਆਚਾਰਕ ਜੀਵਨ ਅਜੇ ਵੀ ਮੇਰੀ ਰਚਨਾਤਮਕਤਾ ਦਾ ਪ੍ਰਮੁੱਖ ਸਰੋਕਾਰ ਸੀ ਪਰ ਮੇਰਾ ਦ੍ਰਿਸ਼ਟੀਕੋਣ ਹੁਣ ਸਤਹ ਉੱਤੇ ਪਿਆ ਹੋਣ ਦੀ ਥਾਂ ਰਚਨਾ ਦੇ ਸਮੁੱਚੇ ਸੰਗਠਨ ਦੀ ਵਿਉਂਤਬੰਦੀ ਵਿੱਚ ਸ਼ਾਮਲ ਸੀ। ਕਹਾਣੀ ਵਿੱਚ ਹੁਣ ਮੈਂ ਨਹੀਂ ਸਾਂ ਬੋਲਦਾ ਸਗੋਂ ਪਾਤਰ, ਘਟਨਾਵਾਂ ਤੇ ਸਥਿਤੀਆਂ ਬੋਲਦੀਆਂ ਸਨ੍ਥ ਅਜਿਹਾ ਕਰਦਿਆਂ ਮੇਰੇ ਕਹਾਣੀ ਕਹਿਣ ਦੇ ਅੰਦਾਜ਼ ਵਿੱਚ ਸਹਿਜ ਪਰਿਵਰਤਨ ਵਾਪਰ ਗਿਆ।

ਪਹਿਲਾ ਪਰਿਵਰਤਨ ਤਾਂ ਰਚਨਾਤਮਕ ਦ੍ਰਿਸ਼ਟੀ ਦੀ ਪੱਧਰ 'ਤੇ ਵਾਪਰਿਆ। ਪਾਤਰਾਂ, ਘਟਨਾਵਾਂ ਤੇ ਵਰਤਾਰਿਆਂ ਤੋਂ ਸਾਹਿਤਕ ਵਿੱਥ ਥਾਪ ਕੇ ਵੱਧ ਤੋਂ ਵੱਧ ਵਸਤੂਮੁਖ ਹੋਣ ਦਾ ਚਾਰਾ ਕਰਦਿਆਂ ਮੈਂ ਸਮਾਜਕ-ਮਨੁੱਖੀ ਜੀਵਨ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਪੇਸ਼ ਕਰਨਾ ਸ਼ੁਰੂ ਕੀਤਾ। 'ਜੋ ਚਾਹੀਦਾ ਹੈ' ਦੀ ਥਾਂ 'ਜੋ ਹੈ' ਨੂੰ ਇਸਤਰ੍ਹਾਂ ਚਿਤਰਨ ਉੱਤੇ ਬਲ ਦਿੱਤਾ ਕਿ ਪ੍ਰਾਪਤ ਜ਼ਿੰਦਗੀ ਦੇ ਦੁੱਖਾਂ-ਸੁੱਖਾਂ, ਸੰਕਟਾਂ, ਲੋੜਾਂ ਤੇ ਥੁੜਾਂ ਨੂੰ ਵੱਖ ਵੱਖ ਕੋਨਿਆਂ ਤੋਂ ਜਾਣਿਆਂ ਸਮਝਿਆ ਵੀ ਜਾ ਸਕੇ ਤੇ ਜੋ ਤਬਦੀਲੀ ਲੋੜੀਂਦੀ ਹੈ ਉਸਦੀ ਸਹਿਜ ਸੋਝੀ ਵੀ ਪ੍ਰਾਪਤ ਹੋ ਸਕੇ।

'ਲੋਹੇ ਦੇ ਹੱਥ' ਦੀਆਂ ਕਹਾਣੀਆਂ ਦਾ ਮੁੱਖ ਸਰੋਕਾਰ ਰਾਜਨੀਤੀ ਸੀ। 'ਰਾਜਨੀਤਕ ਚੇਤਨਾ' ਵਾਲੀਆਂ ਕਹਾਣੀਆਂ ਲਿਖਣੀਆਂ ਮੇਰੀ ਮੁੱਖ ਪਛਾਣ ਬਣ ਗਈ ਸੀ। ਰਾਜਨੀਤਕ ਚੇਤਨਾ ਮੇਰੀਆਂ ਪਿਛਲੀਆਂ ਕਹਾਣੀਆਂ ਵਿੱਚ ਵੀ ਕਿਸੇ ਨਾ ਕਿਸੇ ਰੂਪ ਵਿੱਚ ਵਿਦਮਾਨ ਹੈ ਭਾਵੇਂ ਇਸਦਾ ਸੁਭਾਅ ਅਤੇ ਸਰੂਪ ਬਦਲ ਗਿਆ ਹੈ ਤੇ 'ਲੋਹੇ ਦੇ ਹੱਥ' ਦੀਆਂ ਕਹਾਣੀਆਂ ਤੋਂ ਵੱਖਰਾ ਹੈ। ਪਰ ਨਿਰੋਲ ਰਾਜਨੀਤਕ ਮੁੱਦਿਆਂ ਜਾਂ ਮਸਲਿਆ ਨੂੰ ਹੀ ਕੇਂਦਰੀ ਸੂਤਰ ਵਜੋਂ ਵਰਤਣ ਦੀ ਥਾਂ ਮੈਂ ਇਹ ਸੋਚਿਆ ਕਿ ਕਿਉਂ ਨਾ ਆਪਣੇ ਬਿਲਕੁਲ ਆਪਣੇ ਨਜ਼ਦੀਕ ਦੀ ਜ਼ਿੰਦਗੀ ਚਿਤਰਾਂ!

ਮੈਂ ਕਿਰਸਾਨੀ ਸਮਾਜ ਨਾਲ ਸੰਬੰਧਤ ਸਾਂ। ਮੇਰੇ ਵਿੰਹਦਿਆਂ ਵਿੰਹਦਿਆਂ ਖੇਤੀ ਦਾ ਮਸ਼ੀਨੀਕਰਨ ਹੋਇਆ, ਹਰਾ ਇਨਕਲਾਬ ਆਇਆ, ਖੇਤੀ ਦੀ ਉਪਜ ਵਧ ਗਈ ਪਰ ਖੇਤੀ ਕਰਨੀ ਮਹਿੰਗੀ ਵੀ ਹੋ ਗਈ। ਖੇਤੀ ਕਰਨਾ ਮਾੜੇ ਦੇ ਵੱਸ ਦਾ ਰੋਗ ਨਾ ਰਿਹਾ੍ਥ ਜਿਹੜੇ ਸਮੇਂ ਸਿਰ ਵਹਾਈ ਕਰਨ ਅਤੇ ਪਾਣੀ, ਖਾਦਾਂ, ਬੀਜ, ਦਵਾਈਆਂ ਪਾਉਣ ਦੇ ਸਮਰੱਥ ਸਨ, ਖੇਤੀ ਉਹਨਾਂ ਨੂੰ ਹੱਸ ਕੇ ਮਿਲੀ। ਜਿਨ੍ਹਾਂ ਕੋਲ ਅਜਿਹੇ ਸਾਧਨ ਨਹੀਂ ਸਨ, ਖੇਤੀ ਉਹਨਾਂ ਨਾਲ ਰੁੱਸਦੀ ਗਈ। ਸ਼ਹਿਰ ਪਿੰਡਾਂ ਤੱਕ ਪਸਰਨਾ ਸ਼ੁਰੂ ਹੋ ਗਿਆ। ਵਸਤਾਂ ਦੇ ਵਧਦੇ ਉਤਪਾਦਨ ਦੇ ਨਾਲ ਵਸਤਾਂ ਨੂੰ ਵਰਤਣ ਤੇ ਜ਼ਿੰਦਗੀ ਨੂੰ ਮਾਨਣ ਦੀ ਲਾਲਸਾ ਵੀ ਵਧਦੀ ਗਈ। ਜੀਵਨ ਵਿੱਚ ਪੈਸਾ ਕੀਮਤਾਂ ਪ੍ਰਵੇਸ਼ ਕਰਨ ਲੱਗੀਆਂ। ਬੰਦਾ 'ਬੰਦੇ ਦਾ ਪੁੱਤ' ਹੋਣ ਨਾਲੋਂ 'ਪੈਸੇ ਦਾ ਪੁੱਤ' ਹੋਣਾ ਸ਼ੁਰੂ ਹੋ ਗਿਆ। ਜੀਵਨ ਤੇ ਮਨੁੱਖੀ ਰਿਸ਼ਤੇ ਵਧੇਰੇ ਜਟਿਲ ਹੁੰਦੇ ਗਏ।



# "ਤੂੰ ਦੋ ਬਾਹਾਂ ਵਾਲਿਆਂ ਤੋਂ ਚੰਗਾ ਰਹੇਂਗਾ"

-ਮਾਸਟਰ ਅਮਰੀਕ ਸਿੰਘ

ਮੇਰਾ ਭਾਣਜਾ ਸ. ਸਰਬਜੀਤ ਸਿੰਘ ਜੋ ਅੱਜਕਲ ਤਲਵਾੜਾ ਖ਼ੁਰਦ ਦੇ ਸੀਨੀਅਰ ਸੈਕੰਡਰੀ ਸਕੂਲ ਵਿਚ ਪੰਜਾਬੀ ਦਾ ਸਫਲ ਅਧਿਆਪਕ ਹੈ। ਜਦੋਂ ਦੀ ਮੈਂ ਗੱਲ ਕਰਨ ਲੱਗਾ ਉਹ ਨੌਵੀਂ ਜਮਾਤ ਵਿਚ ਪੜ੍ਹ ਰਿਹਾ ਸੀ। ਇਕ ਦਿਨ ਦੁਪਹਿਰ ਬਾਦ ਸਕੂਲੋਂ ਆ ਕੇ ਅਜੇ ਰੋਟੀ ਵੀ ਨਹੀਂ ਖਾਧੀ ਸੀ ਕਿ ਪੱਠੇ ਕੁਤਰਨ ਵਾਲੇ ਟੋਕੇ ਮਗਰ ਉਸਨੇ ਆਣ ਕੁਤਰੇ ਪੱਠੇ ਪਏ ਹੋਏ ਵੇਖੇ। ਸੋਚਿਆ ਹਰੇ ਪੱਠੇ ਕੁਤਰ ਕੇ ਹੀ ਰੋਟੀ ਖਾਵਾਂਗਾ। ਟੋਕਾ ਇੰਜਨ ਨਾਲ ਚਲਦਾ ਸੀ। ਕਾਕੇ ਨੇ ਹੈਂਡਲ ਚੁਕਿਆ ਤੇ ਇੰਜਨ ਸਟਾਰਟ ਕਰ ਦਿੱਤਾ ਤੇ ਰੁਘ ਲਾਣ ਲੱਗ ਪਿਆ ਦੋਹਾਂ ਹੱਥਾਂ ਨਾਲ ਪਰ ਉਹਨੂੰ ਕੀਹ ਪਤਾ ਸੀ ਅੱਜ ਤੋਂ ਬਾਦ ਮੈਂ ਸਾਰੇ ਕੰਮ ਇਕ ਹੱਥ ਨਾਲ ਹੀ ਕਰਿਆ ਕਰਾਂਗਾ। ਰੁੱਘ ਲਾਂਦਿਆਂ ਸੱਜੇ ਹੱਥ ਨਾਲ ਪੱਠੇ ਵੱਲ ਗਏ ਤੇ ਵਿਚਾਰੇ ਦਾ ਹੱਥ ਟੋਕਾ ਮਸ਼ੀਨ ਵਿਚ ਚਲਾ ਗਿਆ ਅੱਧੇ ਮਿੰਟ ਵਿਚ ਹੀ ਪਠਿਆਂ ਦੀ ਥਾਂ ਸਰਬਜੀਤ ਦੀ ਬਾਂਹ ਕੁਤਰੀ ਗਈ। ਏਨਾਂ ਸ਼ੁਕਰ ਹੋਇਆ ਕਿ ਦੂਜੀ ਬਾਂਹ ਬਚ ਗਈ ਜਿਸ ਨਾਲ ਉਹ ਕੁਤਰੀ ਜਾਣ ਵਾਲੀ ਬਾਂਹ ਨੂੰ ਖਿਚ ਰਿਹਾ ਸੀ। ਬਹੁਤਾ ਲੋਡ ਪੈਣ ਕਰਕੇ ਇੰਜਨ ਬੰਦ ਹੋ ਗਿਆ। ਰੌਲਾ ਪੈ ਗਿਆ ਸਰਬਜੀਤ ਸਦਾ ਲਈ ਅੰਗਹੀਣ ਹੋ ਗਿਆ ਸੀ। ਸਾਰੇ ਪਿੰਡ ਵਿਚ ਹਾਹਾਕਾਰ ਮਚ ਗਈ। ਇਹ ਗੱਲ ੧੯੭੫ ਦੀ ਹੈ।

ਫੱਟੜ ਹੋਏ ਸਰਬਜੀਤ ਨੂੰ ਸਰਸੇ ਸਰਕਾਰੀ ਹਸਪਤਾਲ ਵਿਚ ਲੈ ਗਏ ਮੈਂ ਤੇ ਸਰਬਜੀਤ ਦਾ ਪਿਤਾ ਸ. ਸਵਰਨ ਸਿੰਘ ਨਾਲ ਗਏ। ਡਾਕਟਰ ਸਾਹਿਬ ਨੇ ਬੜੀ ਹਮਦਰਦੀ ਵਖਾਈ ਤੇ ਜਿੰਨੀ ਕੁ ਬਾਂਹ ਬਚੀ ਸੀ ਉਸਨੇ ਬੜੇ ਧਿਆਨ ਨਾਲ ਪੱਟੀ ਕਰਾ ਦਿੱਤੀ, ਸਰਬਜੀਤ ਬੜੇ ਹੌਸਲੇ ਵਿਚ ਸੀ ਵਾਰ ਵਾਰ ਪੁੱਛ ਰਿਹਾ ਸੀ, "ਮਾਮਾ ਜੀ ਮੇਰੀ ਬਾਂਹ ਲਗ ਜਾਏਗੀ?"

ਮੈਂ ਹੌਸਲਾ ਦਿੱਤਾ ਤੇ ਕਿਹਾ, "ਤੂੰ ਹੌਸਲਾ ਰੱਖ ਬੇਟੇ ਅੱਜ ਸਾਇੰਸ ਦਾ ਜ਼ਮਾਨਾ ਏ ਸਭ ਕੁਝ ਹੋ ਜਾਏਗਾ।" ਤੂੰ ਬਾਂਹ ਵਲ ਨ ਵੇਖ ਮਨ ਵਿਚ ਭਜਨ ਕਰ।"

ਅੱਧੀ ਬਾਂਹ ਦੇ ਠੀਕ ਹੋਣ ਤਕ ਸਾਨੂੰ ਸਰਸੇ ਹੀ ਰਹਿਣਾ ਪਿਆ ਹਸਪਤਾਲ ਵਿਚ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਰਸੇ ਤੋਂ ਸ੍ਰੀ ਜੀਵਨ ਨਗਰ ਜਾਂਦਿਆਂ ਕਿਸੇ ਸਰਬਜੀਤ ਦੇ ਹਾਦਸੇ ਬਾਰੇ ਦੱਸਿਆ, ਤਾਂ ਆਪ ਕ੍ਰਿਪਾ ਕਰਕੇ ਦਰਸ਼ਨ ਦੇਣ ਹਸਪਤਾਲ ਆ ਪੁੱਜੇ। ਅਸਾਂ ਸਾਰਿਆਂ ਨੂੰ ਬੜਾ ਚਾ ਚੜ੍ਹਿਆ ਆਪ ਜੀ ਦੇ ਆਉਣ ਦਾ। ਅਸੀਂ ਸਾਰੇ ਬੜੇ ਨਿਰਾਸ਼ ਹੋਏ ਪਏ ਸਾਂ ਬਹੁਤ ਬਲ ਮਿਲਿਆ. ਸਤਿਗੁਰੂ ਜੀ ਦੇ ਦਰਸ਼ਨ ਦੇਣ ਕਰਕੇ।

ਸਰਬਜੀਤ ਨੇ ਜਦੋਂ ਇਕ ਬਾਂਹ ਨਾਲ ਨਮਸਕਾਰ ਕੀਤੀ ਤਾਂ ਸਾਡੇ ਸਾਰਿਆਂ ਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਤੁਰੇ। ਸ੍ਰੀ ਸਤਿਗੁਰੂ ਜੀ ਨੇ ਸਾਨੂੰ ਹੌਸਲਾ ਦੇਂਦਿਆਂ ਹੁਕਮ ਕੀਤਾ, "ਨਿਰਾਸ਼ ਨਾ ਹੋਵੋ ਇਹ ਭਾਣਾ ਏਸ ਤਰਾਂ ਹੀ ਵਰਤਣਾ ਸੀ। ਬੱਚੇ ਨੂੰ ਸਗੋਂ ਏਸ ਤਰ੍ਹਾਂ ਉਦਾਸ ਚਿਹਰੇ ਨਾ ਵਖਾਓ। ਕਾਕਾ ਤਾਂ ਹੌਸਲੇ ਵਿਚ ਹੈ।"

ਸਰਬਜੀਤ ਨੇ ਨਮਸਕਾਰ ਕੀਤੀ ਤੇ ਬੜੇ ਹੌਸਲੇ ਨਾਲ ਆਖਿਆ ਕਿ "ਸੱਚੇ ਪਾਤਸ਼ਾਹੋ ਮੇਰੀ ਬਾਂਹ ਲੱਗ ਜਾਏਗੀ?" ਮੈਂ ਖੱਬੇ ਹੱਥ ਨਾਲ ਕਿਵੇਂ ਲਿਖ ਸਕਾਂਗਾ? ਕਿਵੇਂ ਸਾਰੇ ਕੰਮ ਕਰ ਸਕਾਂਗਾ ਸਾਰੀ ਉਮਰ?"

ਸ੍ਰੀ ਸਤਿਗੁਰੂ ਜੀ ਨੇ ਸਰਬਜੀਤ ਦੇ ਸਿਰ ਤੇ ਆਪਣਾ ਪਵਿਤਰ ਹਸਤ ਕਮਲ ਫੇਰਿਆ ਤੇ ਕਿਹਾ, "ਕਾਕਾ ਫਿਕਰ ਨ ਕਰ ਤੂੰ ਦੋ ਹੱਥਾਂ ਵਾਲਿਆਂ ਨਾਲੋਂ ਚੰਗਾ ਰਹੇਂਗਾ। ਸਤਿਗੁਰੂ ਪ੍ਰਤਾਪ ਸਿੰਘ ਜੀ ਤੇਰੇ ਤੇ ਬਹੁਤ ਬਖਸ਼ਸ਼ ਕਰਨਗੇ।"

ਸਰਬਜੀਤ ਹੌਸਲੇ ਵਿਚ ਹੋ ਗਿਆ, ਬਾਂਹ ਵਾਲਾ ਜ਼ਖਮ ਠੀਕ ਹੋਇਆ ਤੇ ਅਸੀਂ ਛੁੱਟੀ ਲੈ ਕੇ ਘਰ ਆ ਗਏ। ਪੂਰਾ ਠੀਕ ਹੋਣਾ ਤੇ ਸਕੂਲ ਵੀ ਜਾਣ ਲੱਗ ਪਿਆ। ਲੋਕ ਜਿਹੜੇ ਪਤਾ ਲੈਣ ਆਉਂਦੇ ਸਰਬਜੀਤ ਸਭ ਨੂੰ ਇਹ ਹੀ ਕਹਿੰਦਾ "ਮੈਂ ਦੋ ਬਾਹਾਂ ਵਾਲਿਆਂ ਤੋਂ ਚੰਗਾ ਰਹਾਂਗਾ।" ਤੇ ਹੋਇਆ ਵੀ ਠੀਕ ਏਸੇ ਤਰਾਂ ਹੀ ਪੜਾਈ ਵਿਚ ਉੱਕਾ ਫਰਕ ਨਹੀਂ ਪੈਣ ਦਿੱਤਾ। ਦਸਵੀਂ ਚੰਗੇ ਨੰਬਰਾਂ ਨਾਲ ਪਾਸ ਕੀਤੀ, ਕੁਝ ਸਾਲਾਂ ਬਾਦ ਹੀ ਪੰਜਾਬੀ ਦੀ ਮਾਸਟਰ ਡਿਗਰੀ ਚੰਗੇ ਨੰਬਰ ਲੈ ਕੇ ਪਾਸ ਕਰ ਲਈ, ਖੱਬੇ ਹੱਥ ਨਾਲ ਹੀ ਸਾਰੇ ਕੰਮ ਕਰਨਾ ਸਿਖ ਗਿਆ।

ਮੈਂ ਜਦੋਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਦਾ ਸਭ ਤੋਂ ਪਹਿਲਾਂ ਇਹ ਹੀ ਪੁੱਛਦੇ "ਕਾਕੇ ਦਾ ਕੀਹ ਹਾਲ ਏ?"

ਐਮ.ਏ. ਪਾਸ ਕਰਨ ਤੋਂ ਬਾਦ ਸਰਬਜੀਤ ਨੂੰ ਵਿਕਲਾਂਗ ਕੋਟੇ ਵਿਚ ਸਰਕਾਰੀ ਨੌਕਰੀ ਵੀ ਮਿਲ ਗਈ। ਉਹਦੀ ਨਕਲੀ ਬਾਂਹ ਲਵਾਈ। ਸਾਕੇਤ ਹਸਪਤਾਲ ਪੰਚਕੂਲਾ ਤੋਂ। ਅੱਜ ਉਹ ਇਕ ਹੱਥ ਨਾਲ ਹੀ ਮੋਟਰ ਸਾਈਕਲ ਚਲਾ ਕੇ ਸਕੂਲ ਜਾਂਦਾ ਹੈ ਕਾਰ ਵੀ ਆਪਣੀ ਆਪ ਚਲਾ ਲੈਂਦਾ ਹੈ। ਪੈਂਤੀ ਚਾਲੀ ਹਜ਼ਾਰ ਤਨਖਾਹ ਲੈ ਰਿਹਾ ਏ।

ਨੌਕਰੀ ਮਿਲੀ ਤੇ ਨਾਲ ਹੀ ਵਿਆਹ ਵੀ ਹੋ ਗਿਆ ਅੱਜ ਉਹਦੇ ਦੋ ਬਚੇ ਜਵਾਨ ਹੋ ਗਏ ਹਨ। ਸਰਬਜੀਤ ਦਾ ਛੋਟਾ ਭਰਾ ਹਰਿਆਣਾ ਪੁਲਿਸ ਵਿਚ ਛੋਟਾ ਥਾਣੇਦਾਰ ਬਣ ਗਿਆ ਹੈ। ਸਕੂਲੋਂ ਆ ਕੇ ਹੀ ਵਾਹੀ ਵੀ ਆਪ ਹੀ ਕਰਦਾ ਹੈ। ਗੱਲ ਕੀਹ ਕਿਸੇ ਕਿਸਮ ਦੀ ਕਮੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਹੀਂ ਛੱਡੀ ਉਹਨਾਂ ਦਾ ਬਚਨ ਸਾਕਾਰ ਹੋਇਆ ਹੈ ਪੂਰੀ ਤਰ੍ਹਾਂ।

'ਕਾਕਾ ਹੌਸਲਾ ਰਖ ਤੂੰ ਦੋ ਬਾਹਾਂ ਵਾਲਿਆਂ ਤੋਂ ਚੰਗਾ ਰਹੇਂਗਾ।"

Namdhari Elibrary NamdhariElibrary@gmail.com

# ਪਰਮ ਸਤਿਕਾਰਯੋਗ ਪੈ.ਗੰਬਰ : ਹਜ਼ਰਤ ਮੁਹੰਮਦ ਸਾਹਿਬ ਜੀ

*—ਰਮੇਸ਼ ਬੱਗਾ ਚੋਹਲਾ*

ਧਰਮ ਕੋਈ ਵੀ ਹੋਵੇ ਮਨੁੱਖ ਨੂੰ ਮਨੁੱਖਤਾ ਦਾ ਸਬਕ ਪੜ੍ਹਾ ਕੇ ਜਿਥੇ ਉਸ (ਮਨੁੱਖ) ਦੇ ਮਨਵਾਵਾਦੀ ਬਣਨ ਦੀ ਹਾਮੀ ਭਰਦਾ ਹੈ, ਉਥੇ ਨਾਲ ਹੀ ਰੱਬੀ ਸੰਦੇਸ਼ ਅਤੇ ਰੂਹਾਨੀ ਉਪਦੇਸ਼ ਸਦਕਾ ਮਨੁੱਖ ਦੇ ਆਤਮਿਕ ਜੀਵਨ ਵਿਚ ਨਿਖ਼ਾਰ ਲਿਆਉਣ ਦਾ ਯਤਨ ਵੀ ਕਰਦਾ ਹੈ। ਹਰੇਕ ਧਰਮ ਆਪੋ ਆਪਣੀ ਧਾਰਮਿਕ-ਮਰਯਾਦਾ ਅਤੇ ਪੂਜਾ-ਪੱਧਤੀ ਅਨੁਸਾਰ ਆਤਮਾ ਅਤੇ ਪਰਮਾਤਮਾ ਵਿਚ ਨੇੜਤਾ ਸਥਾਪਿਤ ਕਰਕੇ ਆਪਸੀ ਅਭੇਦਤਾ ਦੀ ਅਜਿਹੀ ਅਵਸਥਾ ਪੈਦਾ ਕਰਦਾ ਹੈ ਜਿਸ ਤੱਕ ਪਹੁੰਚ ਕਿ ਕੋਈ ਵੀ ਸਾਧਕ ਆਵਾਗਮਨ (ਜਨਮ-ਮਰਨ) ਦੇ ਚੱਕਰ ਤੋਂ ਛੁਟਕਾਰਾ ਪਾ ਸਕਦਾ ਹੈ।ਪਰ ਇਲਾਹੀ ਆਨੰਦ ਦੀ ਇਹ ਉੱਚਤਮ ਅਵਸਥਾ ਕੁੱਝ ਵਿਰਲਿਆਂ ਵਿਅਕਤੀਆਂ ਨੂੰ ਹੀ ਪ੍ਰਾਪਤ ਹੁੰਦੀ। ਰੂਹਾਨੀਅਤ ਦੀ ਇਸ ਉਚਤਮ ਅਤੇ ਆਨੰਦਵਰਧਕ ਅਵਸਥਾ ਦੀ ਪ੍ਰਾਪਤੀ ਦਾ ਲਈ ਸਾਡੇ ਗੁਰੂ,ਪੀਰ ਪੈਗੰਬਰ,ਮੁਰਸ਼ਦ ਅਤੇ ਰਹਿਬਰ ਸਮੇਂ-ਸਮੇਂ ਆਪਣਾ ਬਣਦਾ-ਸਰਦਾ ਯੋਗਦਾਨ ਪਾਉਂਦੇ ਰਹੇ ਹਨ। ਉਨ੍ਹਾਂ ਦੇ ਇਸ ਬੇਸ਼ਕੀਮਤੀ ਅਤੇ ਮਹੱਤਵਪੂਰਨ ਯੋਗਦਾਨ ਬਦਲੇ ਲੋਕਾਈ (ਵਿਸ਼ੇਸ਼ ਕਰਕੇ ਉਨ੍ਹਾਂ ਦੇ ਪੈਰੋਕਾਰਾਂ) ਵੱਲੋਂ ਉਨ੍ਹਾਂ ਮਹਾਂਪੁਰਖਾਂ ਨੂੰ ਰੱਜਵਾਂ ਮਾਣ ਅਤੇ ਸਤਿਕਾਰ ਦਿੱਤਾ ਜਾਂਦਾ ਰਿਹਾ ਹੈ। ਮਨੁੱਖੀ ਮਾਰਗ ਨੂੰ ਰੁਸ਼ਨਾਉਣ ਵਾਲੀਆਂ ਆਪਣੀਆਂ ਸਦੀਵੀ ਸਿੱਖਿਆਵਾਂ ਕਾਰਨ ਉਹ ਇਸ ਫ਼ਾਨੀ ਦੁਨੀਆਂ ਤੋਂ ਵਫ਼ਾਤ ਪਾ ਜਾਣ ਤੋਂ ਬਾਅਦ ਵੀ ਆਪਣੇ ਮੁਰੀਦਾਂ ਦੇ ਮਨਾਂ ਉਪਰ ਸਦੀਆਂ ਤੱਕ ਆਪਣਾ ਪ੍ਰਭਾਵ ਬਣਾਈ ਰੱਖਦੇ ਹਨ। ਇਸ ਤਰ੍ਹਾਂ ਦਾ ਹੀ ਪ੍ਰਭਾਵ ਬਣਾਉਣ ਵਾਲਿਆਂ ਵਿਚ ਸ਼ਾਮਿਲ ਹੈ ਅੱਲਾਹ ਪਾਕ ਦੇ ਆਖ਼ਰੀ ਰਸੂਲ ਹਜ਼ਰਤ ਮੁਹੰਮਦ ਸਾਹਿਬ ਦਾ ਨਾਮ। ਏਸ਼ੀਆ ਦੇ ਵੱਡੇ ਧਰਮਾਂ ਵਿਚ ਸ਼ੁਮਾਰ ਕੀਤੇ ਜਾਂਦੇ ਇਸਲਮ ਧਰਮ ਦੀ ਸਤਿਕਰਯੋਗ ਹਸਤੀ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ੫੭੦ ਈ: ਨੂੰ ਮੱਕੇ ਦੇ ਇੱਕ ਪੁਜਾਰੀ ਬਨੀ ਹਾਸ਼ਮ ਦੇ ਖ਼ਾਨਦਾਨ ਨਾਲ ਸਬੰਧ ਰੱਖਣ ਵਾਲੇ ਅਬਦੁੱਲਾ ਕੁਰੈਸ਼ੀ ਅਤੇ ਬੀਬੀ ਆਮਨਾ ਦੇ ਗ੍ਰਹਿ ਵਿਖੇ ਹੋਇਆ। ਮੁਹੰਮਦ ਸਾਹਿਬ ਦੇ ਜਨਮ ਤੋਂ ਪਹਿਲਾਂ ਹੀ ਉਨ੍ਹਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ ਜਿਸ ਕਰਕੇ ਉਨ੍ਹਾਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਦਾਦਾ ਅਬਦੁੱਲ ਮੁਤਲਿਬ ਨੂੰ ਨਿਭਾਉਣੀ ਪਈ। ਜਦੋਂ ਮੁਹੰਮਦ ਸਾਹਿਬ ਦੀ ਉਮਰ ਛੇ ਸਾਲ ਦੀ ਹੋਈ ਤਾਂ ਬੀਬੀ ਆਮਨਾ ਉਨ੍ਹਾਂ ਨੂੰ ਆਪਣੇ ਪੇਕੇ ਮਦੀਨੇ ਲੈ ਗਈ ਪਰ ਮਦੀਨੇ ਤੋਂ ਵਾਪਸੀ ਦੇ ਸਮੇਂ ਅਬੋਹਾ ਨਾਮ ਦੇ ਇੱਕ ਪਿੰਡ ਕੋਲ ਬੀਬੀ ਆਮਨਾ ਅੱਲਾਹ ਨੂੰ ਪਿਆਰੀ ਹੋ ਗਈ। ਮਾਤਾ ਦੇ ਫ਼ੌਤ ਹੋ ਜਾਣ ਨਾਲ ਹਜ਼ਰਤ ਮੁਹੰਮਦ ਸਾਹਿਬ ਯਤੀਮ ਹੋ ਗਏ। ਅੱਠ ਸਾਲ ਦੀ ਉਮਰ ਤੱਕ ਪਹੁੰਚਦਿਆਂ ਦਾਦਾ ਅਬਦੁਲ ਮੁਤਲਿਬ ਦਾ (ਮੌਤ ਹੋ ਜਾਣ ਕਾਰਨ) ਸਾਥ ਵੀ ਛੁੱਟ ਗਿਆ। ਇਨ੍ਹਾਂ ਦੁਖ਼ਾਂਤਕ ਵਰਤਾਰਿਆਂ ਤੋਂ ਬਾਅਦ ਮੁਹੰਮਦ ਸਾਹਿਬ ਦੀ ਦੇਖਭਾਲ ਦਾ ਜ਼ਿੰਮਾ ਚਾਚਾ ਅਬੂ ਤਾਲਿਬ ਨੇ ਲੈ ਲਿਆ ਜਿਸ ਨੂੰ ਉਨ੍ਹਾਂ ਵੱਲੋਂ ਬਾਖ਼ੂਬੀ ਨਾਲ ਨਿਭਾਇਆ ਗਿਆ ਚਾਚਾ ਅਬੂ ਤਾਲਿਬ ਇੱਕ ਚੰਗੇ ਵਪਾਰੀ ਸਨ ਅਤੇ ਉਹ ਵਪਾਰ ਲਈ ਆਪਣੇ ਭਤੀਜੇ ਮੁਹੰਮਦ ਸਾਹਿਬ ਨੂੰ ਵੀ ਨਾਲ ਲੈ ਜਾਂਦੇ ਸਨ¢ਚਾਚੇ ਨਾਲ ਜਾਣ ਕਰਕੇ ਜਿੱਥੇ ਉਨ੍ਹਾਂ ਨੂੰ ਵਪਾਰ ਦੀਆਂ ਬਰੀਕੀਆਂ ਦੀ ਸਮਝ ਆ ਗਈ ਉੱਥੇ ਨਾਲ ਹੀ ਦੂਸਰੇ ਦੇਸ਼ਾਂ ਦੇ ਧਰਮ ਅਤੇ ਰੀਤੀ-ਰਿਵਾਜ਼ਾਂ ਨੂੰ ਜਾਣਨ ਦਾ ਸੁਨਿਹਰੀ ਮੌਕਾ ਵੀ ਮਿਲ ਗਿਆ। ਇਸ ਸਮੇਂ ਦੌਰਾਨ ਉਨ੍ਹਾਂ ਨੇ ਈਸਾਈ ਪਾਦਰੀਆਂ ਨਾਲ ਵੀਚਾਰ-ਗੋਸ਼ਟੀਆਂ ਕੀਤੀਆਂ ਅਤੇ ਉਨ੍ਹਾਂ ਦੇ ਨਿਸਚਿਆਂ ਅਤੇ ਸਿਧਾਤਾਂ ਦੀ ਵਾਕਫ਼ੀਅਤ ਹਾਸਲ ਕੀਤੀ। ਈਸਾਈ ਅਤੇ ਮੂਸਾਈ ਪ੍ਰਚਾਰਕਾਂ ਤੋਂ ਹਜ਼ਰਤ ਨੇ ਬਹੁਤ ਸਾਰੇ ਧਾਰਮਿਕ ਨੁਕਤਿਆਂ ਨੂੰ ਹਾਸਲ ਕੀਤਾ ਜਿਹੜੇ ਬਾਅਦ ਵਿਚ ਇਸਲਾਮ ਵਿਚ ਰੁਪਾਂਤਰਿਤ ਹੋਏ ਹਨ। ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਤੀਖਣ ਬੁੱਧੀ ਅਤੇ ਚੰਗਾ ਤਜਰਬਾ ਰੱਖਦੇ ਸਨ¢ਭਲੇ ਪੁਰਸ਼ ਅਤੇ ਇਮਾਨਦਾਰ ਵੀ ਪੂਰੇ ਸਨ। ਇਸ ਕਰਕੇ ਲੋਕ ਉਨ੍ਹਾਂ ਨੂੰ 'ਸਾਦਕ' ਜਾਂ ਅਮੀਨ ਕਹਿੰਦੇ ਸਨ। ਇੱਕ ਚੰਗੇ ਵਪਾਰੀ ਵੱਜੋਂ ਹਜ਼ਰਤ ਸਾਹਿਬ ਦਾ ਨਾਮ ਕਾਫ਼ੀ ਚਰਚਿਤ ਹੋ ਗਿਆ ਜਿਸ ਕਰਕੇ ਮੱਕੇ ਦੀ ਇੱਕ ਅਮੀਰ ਵਿਧਵਾ ਖਦੀਜਾ ਨੇ ਉਨ੍ਹਾਂ ਨਾਲ ਸ਼ਾਦੀ ਕਰ ਲਈ। ਉਸ ਸਮੇਂ ਖਦੀਜਾ ਦੀ ਉਮਰ ੪੦ ਸਾਲ ਅਤੇ ਉਨ੍ਹਾਂ ਦੀ ਉਮਰ ੨੫ ਸਾਲ ਸੀ। ਖਦੀਜਾ ਦੀ ਕੁੱਖੋਂ ਚਾਰ ਲੜਕੀਆਂ ਅਤੇ

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਮਾਂ

—ਜੀ.ਡੀ. ਚੌਧਰੀ

ਸਭ ਤੋਂ ਪਿਆਰਾ ਮਾਂ ਦਾ ਪੱਲੂ।
ਸਭ ਤੋਂ ਨਿਆਰਾ ਮਾਂ ਦਾ ਪੱਲੂ।
ਇਕ ਕਿਨਾਰਾ ਸਾਰੀ ਦੁਨੀਆ,
ਦੂਆ ਕਿਨਾਰਾ ਮਾਂ ਦਾ ਪੱਲੂ।
ਰੱਬ ਨੇ ਆਪਣਾ ਰੂਪ ਵਟਾਕੇ,
ਲਿਆ ਅਵਤਾਰਾ ਮਾਂ ਦਾ ਪੱਲੂ।
ਅੰਮ੍ਰਿਤਬਾਣੀ ਮਾਂ ਦੀ ਲੋਈ,
ਅੰਮ੍ਰਿਤਧਾਰਾ ਮਾਂ ਦਾ ਪੱਲੂ।
ਸਭ ਕੁਝ ਹੈ ਮਿਲ ਸਕਦਾ, ਪਰ
ਨਾ ਮਿਲੇ ਉਧਾਰਾ ਮਾਂ ਦਾ ਪੱਲੂ।
ਸ਼ਬਦ ਕੋਸ਼ ਦਾ ਵਿਹੜਾ ਸੌੜਾ,
ਬ੍ਰਹਮ ਪਸਾਰਾ ਮਾਂ ਦਾ ਪੱਲੂ।
ਰਿਖੀ ਰਿਖੀਸ਼ਰ, ਮੁਨੀ ਮੁਨੀਸ਼ਰ,
ਨੂੰ ਦਰਕਾਰਾ ਮਾਂ ਦਾ ਪੱਲੂ।
ਜਗ ਸਾਰਾ ਖਾਮੋਸ਼ ਥੀਏ ਤਦ,
ਭਰੇ ਹੁੰਗਾਰਾ ਮਾਂ ਦਾ ਪੱਲੂ।
ਮੰਦਰ, ਮਸਜਿਦ ਅਤੇ ਗਿਰਜਾਘਰ,
ਹੈ ਗੁਰਦੁਆਰਾ ਮਾਂ ਦਾ ਪੱਲੂ।
ਹਰ ਇਕ ਤਾਈਂ ਸਦਾ 'ਚੌਧਰੀ'
ਦੇਈ ਦਾਤਾਰਾ ਮਾਂ ਦਾ ਪੱਲੂ।

*-ਜਗਦੇਵ ਸਿੰਘ ਚੌਂਕ, ਸਰਕੂਲਰ ਰੋਡ*
*ਪੰਜਾਬ ਨੈਸ਼ਨਲ ਬੈਂਕ ਵਾਲੀ ਗਲੀ, ਸਿਰਸਾ (ਹਰਿਆਣਾ)*
*ਮੋਬ.-੦੯੭੨੯੦-੦੬੨੪੫*

# ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਨਾਂ

—ਸ਼ਿਵਨਾਥ

ਬੁੱਝ ਗਿਆ ਦੀਵਾ ਮਗਰ 'ਉਹ' ਰੋਸ਼ਨੀ ਕਾਇਮ ਰਹੀ।
ਮੌਤ ਦਾ ਮੌਸਮ ਸੀ ਫਿਰ ਵੀ, ਜ਼ਿੰਦਗੀ ਕਾਇਮ ਰਹੀ।
ਜ਼ਾਲਮਾਂ ਨੇ ਉਸਨੂੰ, ਉਹਦੇ ਜਿਸਮ ਤਕ ਹੀ ਸਮਝਿਆ,
ਮਰ ਗਿਆ ਬੇਸ਼ਕ ਮਗਰ ਉਸ ਦੀ ਖ਼ੁਦੀ ਕਾਇਮ ਰਹੀ।
ਕਾਇਮ ਰਹਿਣਾ ਆਦਮੀ ਦਾ ਵੀ ਹੈ ਦੁਨੀਆ ਤੇ ਕਮਾਲ!
ਆਖ਼ਰੀ ਦਮ ਤਕ ਜਿਦ੍ਹੇ ਵਿਚ ਤਾਜ਼ਗੀ ਕਾਇਮ ਰਹੀ।
ਬੇ-ਵਫ਼ਾਈ ਕਰਕੇ ਆਪਣੀ 'ਪਾਲ' ਚੋਂ ਜੋ ਖਿਸਕਿਆ,
ਕੌਣ ਕਹਿੰਦਾ ਹੈ ਕਿ ਉਸਦੀ ਜ਼ਿੰਦਗੀ ਕਾਇਮ ਰਹੀ?
ਜਿੱਤਾਂ, ਹਾਰਾਂ ਨਾਲ ਬੰਨ੍ਹੇ ਜਾਣ ਕਿਉਂ ਐਵੇਂ ਵਿਚਾਰ?
ਇਹ ਉਹ ਮਿਟੀ ਹੈ ਜੋ ਹਰ ਹਾਲਤ 'ਚ ਵੀ ਕਾਇਮ ਰਹੀ।

## ਪਿੱਛਲ ਝਾਤ

ਸੀਤ-ਯੁੱਗ 'ਚੋਂ ਕਿਸ ਤਰ੍ਹਾਂ, ਆਏ ਭਲਾ ਉਹ ਨਿਕਲ ਕੇ?
ਕਈ ਦਫ਼ਾ ਸੋਚਾਂ 'ਚ ਹੀ, ਰਹਿ ਜਾਣ, ਸੋਚਾਂ ਉਲਝ ਕੇ।
ਇਹ ਸਾਧਾਰਨ ਠੰਢ ਵੀ, ਜਾਂਦੀ ਨਹੀਂ ਸਾਥੋਂ ਜਰੀ,
ਕਿਸ ਤਰ੍ਹਾਂ ਹੋਵੇਗੀ ਚੱਲਦੀ, ਰੱਤ ਉਹਨਾਂ ਦੀ ਠਰੀ?
ਉਹ ਕੋਈ ਇਕ ਦਿਨ ਨਹੀਂ ਸੀ, ਨਾ ਮਹੀਨਾ ਜਾਂ ਵਰ੍ਹਾ,
ਖ਼ਬਰੇ ਲੈ ਕੇ ਕਿੰਨੀਆਂ, ਸਦੀਆਂ ਸੀ ਆਖ਼ਿਰ ਬੀਤਿਆ?
ਨਾ ਕਿਤੇ ਅਗਨੀ ਸੀ, ਨਾ ਹੀ ਨਿੱਘ ਦਾ ਸਾਜ਼ੋ-ਸਾਮਾਨ,
ਕਿਸ ਤਰ੍ਹਾਂ ਦਿੱਤਾ ਸੀ ਉਹਨਾਂ ਜ਼ਿੰਦਗੀ ਦਾ ਇਮਤਿਹਾਨ?
ਸੀਤ-ਯੁੱਗ ਦੀ ਕਲਪਨਾ ਕਰਕੇ ਹੀ ਹੈ, ਕੁਝ ਹੌਸਲਾ,
ਨਹੀਂ ਤਾਂ ਹੋਣਾ ਸੀ ਇਹ ਠੰਢਾ ਦਿਨ ਵੀ ਸਾਨੂੰ ਯੁੱਗ ਸਮਾਨ!

*ਮੋਬ-੯੬੫੩੮-੭੦੬੨੭*

Namdhari Elibrary NamdhariElibrary@gmail.com

# ਜਿੰਦੂਆ

-ਲਖਵਿੰਦਰ ਬਾਜਵਾ

ਚਲ ਜਿੰਦੂਆ ਵੇ ਚਲ ਫਾਰਨ ਚਲੀਏ,
ਲੁਟੀਏ ਮੌਜ ਬਹਾਰਾਂ,
ਪੜ੍ਹਨ ਬਹਾਨੇ ਕਰਨ ਕਮਾਈ,
ਉਥੇ ਵੇਖ ਹਜ਼ਾਰਾਂ,
ਪੜ੍ਹ ਗਿਟਮਿਟ, ਕਰ ਆਈ ਲਿਟ
ਲੈ ਟਿਕਟ ਹਵਾਈਆਂ ਜਿੰਦੂਆ ਵੇ
ਉਠ ਕਰੀਏ ਥਾਈ ਆ ਓ ਜਿੰਦੂਆ ਵੇ, ਹੋ-ਹੋ.....

ਆ ਜਿੰਦੂਆ ਵੇ ਇਕ ਹੋਰ ਵਖਾਵਾਂ ਦੁਨੀਆਂ ਦੀ ਤਸਵੀਰ
ਨਾਰੀ ਅਤੇ ਨੰਗੇਜਾਂ ਵਾਲੀ ਹੋਈ ਪਈ ਅਖੀਰ
ਕੋਈ ਰਾਹ ਨਹੀਓਂ, ਜਾਂਦੀ ਵਾਹ ਨਹੀਓਂ
ਮੰਡੀ ਜਿਸਮਾਂ ਦੀ ਲਾਈਆਂ ਜਿੰਦੂਆ ਵੇ
ਨਵੀ ਸਭਿਅਤਾ ਬਣਾਈਆ ॥ਓ॥ ਜਿੰਦੂਆ ਵੇ ਹੋ-ਹੋ....

ਚਲ ਜਿੰਦੂਆ ਵੇ ਚੱਲ ਹੋਰ ਵਖਾਵਾਂ ਲੀਡਰ ਕਰਨ ਘੋਟਾਲੇ।
ਮਾੜੇ ਵੇਂਹਦੇ ਰਹਿ ਗਏ ਲੈ ਗਏ ਲੰਮੀਆਂ ਬਾਹਵਾਂ ਵਾਲੇ।
ਏਥੇ ਮੇਰਾ ਕੀ ਐ, ਜਾਂਦਾ ਤੇਰਾ ਕੀ ਐ,
ਧਨ ਹੈ ਸਰਕਾਰੀ ਜਿੰਦੂਆ ਵੇ
ਸਭ ਬਣੇ ਵਪਾਰੀ ਆ ਓ ਜਿੰਦੂਆ ਵੇ ਹੋ-ਹੋ....
ਚੱਲ ਜਿੰਦੂਆ ਵੇ ਚਲ ਵੇਖਣ ਚਲੀਏ ਆਰਕੈਸਟਰਾ ਆਈਆਂ।
ਪੈਸੇ ਖਾਤਰ ਧੀਆਂ ਮਾਪਿਆਂ ਕੰਜਰੀ ਵਾਂਗ ਨਚਾਈਆਂ।
ਹੁਣ ਹੱਦ ਹੋਈ, ਹੱਦੋਂ ਵੱਧ ਹੋਈ,
ਚੱਲ ਉੱਕਾ ਗਵਾਈ ਆ ਓ ਜਿੰਦੂਆ ਵੇ
ਉਹਨਾਂ ਲੋਈ ਲਾਹੀ ਆ ਓ ਜਿੰਦੂਆ ਵੇ ਹੋ-ਹੋ....

# ਦੋ ਗ਼ਜ਼ਲਾਂ/ਨਿਰਪਾਲ ਸਿੰਘ

## ਦੁਨੀਆਂ ਦਾ ਰੰਗਮੰਚ

ਇਕ ਜੱਗ ਉਤੇ ਇਕ ਦਿਨ ਲੋਕੋ, ਐਸਾ ਵਕਤ ਵੀ ਆਏਗਾ।
ਦੁਨੀਆਂ ਦੇ ਰੰਗ-ਮੰਚ ਤੇ, ਹਰ ਕੋਈ ਦੂਹਰਾ ਰੋਲ ਨਿਭਾਏਗਾ।

ਅਦਾਕਾਰੀ ਵਿਚ ਹਰ ਇਕ ਬੰਦਾ, ਮਾਹਿਰ ਏਨਾ ਹੋ ਜਾਏਗਾ,
ਆਪਣੇ ਅਸਲੀ ਚਿਹਰੇ ਤਾਈਂ, ਨਕਲੀ ਹੇਠ ਲੁਕਾਏਗਾ।

ਦੋਹਰੇ ਮਾਪ-ਦੰਡ ਹਰ ਮਾਨਵ, ਜ਼ਿੰਦਗੀ ਵਿਚ ਇੰਝ ਅਪਣਾਏਗਾ,
ਦੋਸਤੀ ਦੇ ਪਰਦੇ ਵਿਚ ਉਹ, ਦੁਸ਼ਮਣੀ ਦਾ ਰੋਲ ਨਿਭਾਏਗਾ।

ਮੰਡੀ ਦੇ ਸ਼ਿਅਰਾਂ ਉਤੇ ਹਰ ਕੋਈ ਕਿਸਮਤ ਅਜ਼ਮਾਏਗਾ,
ਤੇਰੀ ਜਦੀਦ ਗ਼ਜ਼ਲ ਦਾ ਸ਼ਿਅਰ ਨਾ ਕੋਈ ਗੁਣਗੁਣਾਏਗਾ।

ਪੱਛਮ ਦੀ ਜੀਵਨ-ਸ਼ੈਲੀ ਦਾ ਰੰਗ ਏਨਾ ਚੜ੍ਹ ਜਾਏਗਾ,
ਸਾਡਾ ਸੱਭਿਆਚਾਰਕ ਵਿਰਸਾ, ਸਾਨੂੰ ਹੀ ਭੁੱਲ ਜਾਏਗਾ।

## ਹਨੇਰਾ ਹੀ ਹਨੇਰਾ

ਹਨੇਰਾ ਹੀ ਹਨੇਰਾ ਕਿਉਂ? ਰੌਸ਼ਨੀਆਂ ਦੇ ਸ਼ਹਿਰ?
ਕਿਤੇ ਨਾ ਉੱਜਲਾ ਸਵੇਰਾ, ਰੌਸ਼ਨੀਆਂ ਦੇ ਸ਼ਹਿਰ।

ਕਿੱਧਰ ਗੁੰਮ ਹੋ ਗਈਆਂ ਨੇ ਸੱਭੇ ਰੌਸ਼ਨੀਆਂ?
ਬੱਸ ਕਾਲਖ਼ਾਂ ਦਾ ਡੇਰਾ, ਰੌਸ਼ਨੀਆਂ ਦੇ ਸ਼ਹਿਰ।

ਹੈ ਆਦਮੀ ਹਰ ਅਜਨਬੀ ਤੇਰੇ ਇਸ ਨਗਰ ਦਾ,
ਫਿਰ ਪਹਿਚਾਣੇਗਾ ਕਿਹੜਾ? ਰੌਸ਼ਨੀਆਂ ਦੇ ਸ਼ਹਿਰ।

ਸਭ ਰਿਸ਼ਤੇ ਨਾਤੇ ਹੋਏ ਅੱਜਕਲ੍ਹ ਗਰਜ਼ਾਂ ਦੇ,
ਕੋਈ ਤੇਰਾ ਨਾ ਮੇਰਾ, ਰੌਸ਼ਨੀਆਂ ਦੇ ਸ਼ਹਿਰ।

ਲੁੱਚੇ ਲੰਡੇ ਬਣ ਗਏ ਅੱਜਕਲ੍ਹ ਚੌਧਰੀ,
ਹੈ ਗੁੰਡਿਆਂ ਦਾ ਬਸੇਰਾ, ਰੌਸ਼ਨੀਆਂ ਦੇ ਸ਼ਹਿਰ।

ਐਮ.ਟੀ-੪, ਫੇਜ਼-੧,
ਮਾਡਲ ਟਾਊਨ, ਬਠਿੰਡਾ-੧੫੧੦੦੧


NamdhariElibrary NamdhariElibrary@gmail.com

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਗੁਰੂ ਗ੍ਰੰਥ ਸਾਹਿਬ ਸੈਂਟਰ-ਅੰਮ੍ਰਿਤਸਰ ਇਕ ਅਦੁੱਤੀ ਪ੍ਰਾਪਤੀ



*-ਤਰਲੋਚਨ ਸਿੰਘ*
*ਸਾਬਕਾ ਮੈਂਬਰ ਪਾਰਲੀਮੈਂਟ*
*ਅਤੇ ਸਾਬਕਾ ਚੇਅਰਮੈਨ ਘੱਟ-ਗਿਣਤੀ ਕਮਿਸ਼ਨ*

ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਵਿਚ ੧੫ ਫ਼ਰਵਰੀ ਨੂੰ ਗੁਰੂ ਗ੍ਰੰਥ ਸਾਹਿਬ ਰੀਸਰਚ ਸੈਂਟਰ ਦਾ ਆਰੰਭ ਹੋ ਗਿਆ ਹੈ। ਇਹ ਇਕ ਅਦੁੱਤੀ ਪ੍ਰਾਪਤੀ ਹੈ ਜਿਸ 'ਤੇ ਸਾਰਾ ਜਗਤ ਮਾਣ ਕਰ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਸ਼ਵ ਭਰ ਦੇ ਮਨੁੱਖਾਂ ਨੂੰ ਇਕ ਦਾਤ ਗੁਰੂ ਨਾਨਕ ਘਰ ਨੇ ਦਿੱਤੀ ਹੈ। ਹੁਣ ਤੱਕ ਕੋਈ ਹੋਰ ਧਾਰਮਕ ਗ੍ਰੰਥ ਸਭ ਧਰਮਾਂ ਨੂੰ ਮੰਨਣ ਵਾਲਿਆਂ ਦਾ ਸਾਂਝਾ ਨਹੀਂ ਬਣ ਸਕਿਆ ਹੈ। ਗੁਰੂ ਨਾਨਕ ਨਾਮ-ਲੇਵਾ ਜੋ ਕਰੋੜਾਂ ਦੀ ਗਿਣਤੀ ਵਿਚ ਹਨ, ਪੂਰੀ ਸ਼ਰਧਾ ਰੱਖਦੇ ਹੋਏ ਵੀ ਹੋਈ ਵਿਸ਼ੇਸ਼ ਯਤਨ ਇਸ ਦੇ ਪ੍ਰਚਾਰ ਦਾ ਨਹੀਂ ਕਰ ਸਕੇ। ਜਦ ੨੦੦੪ ਵਿਚ ਗੁਰੂ ਗ੍ਰੰਥ ਸਾਹਿਬ ਦਾ ੪੦੦ ਸਾਲ ਦਾ ਸਥਾਪਨਾ ਦਿਵਸ ਮਨਾ ਰਹੇ ਸੀ ਤਾਂ ਡਾ. ਮਨਮੋਹਨ ਸਿੰਘ ਜੋ ਉਸ ਸਮੇਂ ਪ੍ਰਧਾਨ ਮੰਤਰੀ ਸਨ ਨੇ ਅੰਮ੍ਰਿਤਸਰ ਵਿਚ ਐਲਾਨ ਕੀਤਾ ਕਿ ਭਾਰਤ ਸਰਕਾਰ ਗੁਰੂ ਗ੍ਰੰਥ ਇਸਟੀਚਿਊਟ ਉਥੇ ਸਥਾਪਤ ਕਰੇਗੀ ਤੇ ਸਾਰਾ ਖਰਚਾ ਦੇ ਕੇ ਵਿਸ਼ਵ ਭਰ ਵਿਚ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਨੂੰ ਪਹੁੰਚਾਣ ਦਾ ਯਤਨ ਕਰੇਗਾ।

ਇਸ ਦੀ ਹਰ ਪਾਸੋਂ ਪ੍ਰਸੰਸਾ ਹੋਈ। ਪਰ ਭਾਰਤ ਸਰਕਾਰ ਇਸ ਪ੍ਰਧਾਨ ਮੰਤਰੀ ਦੇ ਫੈਸਲੇ 'ਤੇ ਅਮਲ ਹੀ ਨਾ ਕਰ ਸਕੀ। ਕਈ ਸਾਲ ਇਹ ਖਟਾਈ ਵਿਚ ਪਿਆ ਰਿਹਾ। ਡਾ. ਜੈਰੂਪ ਸਿੰਘ ਵਾਈਸ ਚਾਂਸਲਰ ਨੇ ਪੂਰਾ ਵਾਹ ਲਾਇਆ ਪਰ ਕਿਧਰੇ ਹਿਲ-ਜੁਲ ਨਾ ਹੋਈ। ਮੈਂ ੨੦੦੪ ਵਿਚ ਹੀ ਹਰਿਆਣਾ ਤੋਂ ਆਜ਼ਾਦ ਮੈਂਬਰ ਪਾਰਲੀਮੈਂਟ ਬਣ ਗਿਆ ਸੀ। ਮੈਂ ਇਹ ਮੁੱਦਾ ਪਾਰਲੀਮੈਂਟ ਵਿਚ ਉਠਾ ਦਿੱਤਾ। ਕਾਫੀ ਦੇਰ ਇਸ 'ਤੇ ਚਰਚਾ ਹੋਈ ਤੇ ਅਖ਼ੀਰ ਮਜਬੂਰ ਹੋ ਕੇ ਵਿਦਿਆ ਮੰਤਰੀ ਨੇ ਇਕ ਕਮੇਟੀ ਬਨਾਣ ਦਾ ਐਲਾਨ ਕਰ ਦਿੱਤਾ ਕਿ ਉਹ ਇਸ 'ਤੇ ਵਿਚਾਰ ਕਰੇਗੀ। ਕਮੇਟੀ ਨੂੰ ਮੈਂ ਵੀ ਮਿਲਿਆ ਤੇ ਉਨ੍ਹਾਂ ਸਾਹਮਣੇ ਸਰਕਾਰ ਨੇ ਇਸਟੀਚਿਊਟ ਦੇਣ ਤੋਂ ਨਾਂਹ ਕਰ ਦਿੱਤੀ। ਬੜੇ ਤਰਦਦ ਪਿੱਛੋਂ ਉਹ ਮੰਨ ਗਏ ਕਿ ਸੈਂਟਰ ਬਣਾ ਦੇਵਾਂਗੇ। ਇਸਟੀਚਿਊਟ ਦੀ ਮਹੱਤਤਾ ਵਧੇਰੇ ਹੁੰਦੀ ਹੈ ਤੇ ਉਹ ਅਜ਼ਾਦਾਨਾ ਤੌਰ 'ਤੇ ਫੈਸਲਾ ਕਰ ਸਕਦਾ ਹੈ-ਸੈਂਟਰ ਯੂ.ਜੀ.ਸੀ. ਦੇ ਅਧੀਨ ਹੁੰਦਾ ਹੈ। ਨਵੇਂ ਵਾਈਸ ਚਾਂਸਲਰ ਡਾ. ਅਜੈਬ ਸਿੰਘ ਬਰਾੜ ਨੇ ਬੜੀ ਹਿੰਮਤ ਨਾਲ ਮੀਟਿੰਗਾਂ ਕਰ ਕੇ ਸੈਂਟਰ ਬਾਰੇ ਫੈਸਲਾ ਕਰਵਾ ਲਿਆ। ਮੁੜ ਜਦ ਮੈਂ ਪਾਰਲੀਮੈਂਟ ਵਿਚ ਆਵਾਜ਼ ਉਠਾਈ ਤਾਂ ਸਰਕਾਰ ਫਸ ਗਈ। ਮੈਂ ਪੁੱਛਿਆ ਕਿ ਪ੍ਰਧਾਨ ਮੰਤਰੀ ਦੇ ਐਲਾਨ ਨੂੰ ਸਰਕਾਰ ਕਿਉਂ ਮੁਕਰ ਗਈ ਹੈ। ਕਮਾਲ ਇਹ ਹੈ ਕਿ ਡਾ. ਮਨਮੋਹਨ ਸਿੰਘ ਚੁੱਪ ਬੈਠੇ ਰਹੇ। ਡਾ. ਕਰਨ ਸਿੰਘ ਤੇ ਡਾ. ਫਰੂਕ ਅਬਦੁੱਲਾ ਨੇ ਮੇਰੀ ਹਮਾਇਤ ਕੀਤੀ। ਇਹ ਚਰਚਾ ਕਾਰਨ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਸੈਂਟਰ ਨੂੰ ਪੂਰੀ ੬੦ ਕਰੋੜ ਦੀ ਗਰਾਂਟ ਦੇਵਾਂਗੇ। ਪੰਜ ਸਾਲ ਪਿੱਛੋਂ ਪ੍ਰਵਾਨਗੀ ਮਿਲ ਗਈ ਜਿਸ ਦੇ ਫਲਸਰੂਪ ੧੫ ਕਰੋੜ ਦੀ ਲਾਗਤ ਨਾਲ ਡਾ. ਬਰਾੜ ਨੇ ਇਕ ਪ੍ਰਭਾਵਕ ਗੁਰੂ ਗ੍ਰੰਥ ਭਵਨ ਆਪਣੇ ਹੀ ਆਰਕਟੈਕਟ ਤੋਂ ਬਣਵਾ ਕੇ ਖੜ੍ਹਾ ਕਰ ਦਿੱਤਾ ਹੈ। ਕਿਸੇ ਮੌਸਮ ਦੀ ਖਰਾਬੀ ਕਾਰਨ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ੧੫ ਫਰਵਰੀ ਨੂੰ ਅੰਮ੍ਰਿਤਸਰ ਨਾ ਪੁੱਜ ਸਕੇ ਤੇ ਸ. ਅਵਤਾਰ ਸਿੰਘ ਮੱਕੜ ਪ੍ਰਧਾਨ ਐੱਸ.ਜੀ.ਪੀ.ਸੀ. ਨੇ ਆਡੀਟੋਰੀਅਮ ਦਾ ਉਦਘਾਟਨ ਕੀਤਾ। ਬੜਾ ਸ਼ਾਨਦਾਰ ਸਮਾਗਮ ਹੋਇਆ ਜਿਸ ਵਿਚ ੩੦੦ ਦੇ ਕਰੀਬ ਵਿਦਵਾਨ ਤੇ ਵਿਦਿਆਰਥੀ ਸ਼ਾਮਲ ਹੋਏ ਸਨ। ਮੈਂ ਧਨਵਾਦੀ ਹਾਂ ਕਿ ਡਾ. ਅਜੈਬ ਸਿੰਘ ਬਰਾੜ ਨੇ ਆਪਣੇ ਭਾਸ਼ਨ ਵਿਚ ਇਸ ਪ੍ਰੋਜੈਕਟ ਦੀ ਕਾਮਯਾਬੀ ਲਈ ਮੇਰੇ ਯੋਗਦਾਨ ਦੀ ਸ਼ਲਾਘਾ ਕੀਤੀ ਹੈ।

ਭਾਰਤ ਵਿਚ ਇਹ ਪਹਿਲੀ ਵਾਰ ਹੋਇਆ ਕਿ ਕਿਸੇ ਬੋਲੀ ਦੇ ਨਾਂ 'ਤੇ ਯੂਨੀਵਰਸਿਟੀ ਬਣੀ ਸੀ ਤੇ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਜੋ ੧੯੬੩ ਵਿਚ ਬਣਾਈ ਗਈ। ਦੂਜੀ ਵਾਰ ਭਾਰਤ ਵਿਚ ਕਿਸੇ ਇਕ ਧਰਮ ਦੇ ਨਾਂ 'ਤੇ ਪਹਿਲੀ ਵਾਰ ਜੋ ਯੂਨੀਵਰਸਿਟੀ ਬਣੀ ਸੀ ਉਹ ੧੯੬੯ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸੀ। ਹਮੇਸ਼ਾ ਸਿੱਖ ਲੀਡਰ ਭਾਰਤ ਸਰਕਾਰ ਨੂੰ ਕੋਸਦੇ ਰਹੇ ਹਨ ਕਿ ਉਹ ਸਿੱਖਾਂ ਵਿਰੁੱਧ ਵਿਤਕਰਾ ਕਰਦੀ ਹੈ। ਇਹ ਪਹਿਲੀ ਵਾਰ ਹੋਇਆ ਕਿ ਵਿਤਕਰਾ ਸਿੱਖਾਂ ਦੇ ਹੱਕ ਵਿਚ ਦੋਵੇਂ ਯੂਨੀਵਰਸਿਟੀਆਂ ਬਣਾ ਕੇ

Namdhari Elibrary NamdhariElibrary@gmail.com

ਕੀਤਾ ਗਿਆ। ਮੈਂ ਇਹ ਮੰਨਦਾ ਹਾਂ ਕਿ ਦੋਵੇਂ ਯੂਨੀਵਰਸਿਟੀਆਂ ਬੜੀ ਦੇਰ ਤੋਂ ਚਲ ਰਹੀਆਂ ਹਨ। ਬੜੇ ਕਾਮਯਾਬ ਸਿਆਣੇ ਵਾਈਸ ਚਾਂਸਲਰ ਰਹੇ ਹਨ ਜਿਨ੍ਹਾਂ ਵਧੀਆ ਕੰਮ ਕੀਤਾ ਹੈ। ਪਰ ਜਿਸ ਮਕਸਦ ਲਈ ਇਹ ਯੂਨੀਵਰਸਿਟੀਆਂ ਬਣਾਈਆਂ ਗਈਆਂ ਸਨ, ਉਸ ਦੀ ਪੂਰਤੀ ਨਾ ਹੋ ਸਕੀ। ਪਰ ਖੁਸ਼ੀ ਹੈ ਕਿ ਜਦ ਤੋਂ ਡਾ. ਜਸਪਾਲ ਸਿੰਘ ਪਟਿਆਲਾ ਵੀ.ਸੀ. ਲੱਗੇ ਹਨ ਉਨ੍ਹਾਂ ਪੰਜਾਬੀ ਬੋਲੀ ਦੇ ਲਈ ਨਵੇਂ ਰੀਕਾਰਡ ਕਾਇਮ ਕਰ ਦਿੱਤੇ ਹਨ। ਭਾਰਤ ਦੇ ਹਰ ਇਲਾਕੇ ਵਿਚ ਪੰਜਾਬੀ ਕਾਨਫ਼ਰੰਸ ਕਰਦੇ ਹਨ। ਵਿਦੇਸ਼ ਵਿਚ ਇੰਟਰਨੈੱਟ ਰਾਹੀਂ ਪੰਜਾਬੀ ਸਿਖਾਣ ਦੇ ਨਵੇਂ ਤਰੀਕੇ ਲੱਭੇ ਹਨ। ਹਰ ਉਥੇ ਪੰਜਾਬੀ ਦਾ ਸਨਮਾਨ ਕਰਦੇ ਹਨ। ਦੂਜੀ ਕਾਮਯਾਬੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਗੁਰੂ ਗ੍ਰੰਥ ਦੇ ਸਟੱਡੀ ਸੈਂਟਰ ਖੁਲ੍ਹਣ ਨਾਲ ਹੋਈ ਹੈ। ਹੁਣ ਜਿਸ ਮੰਤਵ ਲਈ ਇਹ ਅਦਾਰਾ ਬਣਿਆ ਸੀ, ਉਸ 'ਤੇ ਪੂਰਨ ਤੌਰ 'ਤੇ ਕੰਮ ਹੋਵੇਗਾ।

ਗੁਰੂ ਗ੍ਰੰਥ ਸਾਹਿਬ ੧੬੦੪ ਵਿਚ ਸ੍ਰੀ ਦਰਬਾਰ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਸਥਾਪਤ ਕੀਤੇ ਸਨ। ਆਮ ਲੋਕਾਂ ਨੂੰ ਸਮਝਾਣ ਲਈ ਪਹਿਲਾ ਟੀਕਾ ਨਿਰਮਲੇ ਸੰਤਾਂ ਦੀ ਹਿੰਮਤ ਨਾਲ ਹੋਇਆ ਸੀ। ਅੰਗਰੇਜ਼ ਜਿਥੇ ਵੀ ਹਕੂਮਤ ਕਰਦਾ ਸੀ ਬਾਈਬਲ ਦੇ ਪ੍ਰਚਾਰ ਨੂੰ ਡਿਊਟੀ ਸਮਝਦਾ ਸੀ। ਇਹ ਜਾਨਣਾ ਸਾਡੇ ਲਈ ਜ਼ਰੂਰੀ ਹੈ ਕਿ ਲੁਧਿਆਣਾ ਸ਼ਹਿਰ ਵਿਚ ਅੰਗਰੇਜ਼ਾਂ ਨੇ ੧੮੧੦ ਵਿਚ ਮਿਸ਼ਨ ਅਸਥਾਪਤ ਕਰ ਦਿੱਤਾ ਸੀ ਤੇ ੧੮੧੫ ਵਿਚ ਪੰਜਾਬੀ ਵਿਚ ਬਾਈਬਲ ਛਾਪ ਕੇ ਪੰਜਾਬ ਵਿਚ ਵੰਡਣੀ ਅਰੰਭ ਕਰ ਦਿੱਤੀ ਸੀ, ਪਰ ਅਸੀਂ ੧੯੨੫ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਕੇ ਵੀ ਸਿੱਖ ਪ੍ਰਚਾਰ ਨੂੰ ਅੰਗਰੇਜ਼ੀ ਵਿਚ ਅੱਜ ਤੱਕ ਨਹੀਂ ਕਰ ਸਕੇ। ਇਕ ਸਿੱਖ ਡਾ. ਗੋਪਾਲ ਸਿੰਘ ਨੇ ਆਪਣੀ ਹਿੰਮਤ ਲਗਨ ਨਾਲ ਆਪਣੇ ਖਰਚ 'ਤੇ ੧੯੬੧ ਵਿਚ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਤਰਜਮਾ ਕਰ ਕੇ ਛਾਪ ਦਿੱਤਾ। ਉਸ ਕਰ ਕੇ ਹੀ ਵਿਸ਼ਵ ਭਰ ਕੇ ਵਿਦਵਾਨਾਂ ਨੇ ਉਸ ਨੂੰ ਪੜ੍ਹ ਕੇ ਜੋ ਵਿਚਾਰ ਲਿਖੇ ਹਨ ਉਹ ਸਾਡੇ ਲਈ ਮਾਣ ਵਾਲੇ ਹਨ। ਇਸ ਤੋਂ ਪਹਿਲਾਂ ਅੰਗਰੇਜ਼ਾਂ ਨੇ ਆਪ ਹੀ ਟਰੰਪ ਜੋ ਫਰੈਂਚ ਵਿਦਵਾਨ ਸੀ ਉਸ ਤੋਂ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦਾ ਤਰਜਮਾ ਕਰਵਾਇਆ ਸੀ, ਜੋ ਸਿੱਖਾਂ ਨੂੰ ਪਸੰਦ ਨਹੀਂ ਸੀ ਆਇਆ। ਫਿਰ ਅੰਗਰੇਜ਼ ਮੈਕਾਲਫ਼ ਨੇ ਵੀ ਇਸ ਬਾਰੇ ਲਿਖਿਆ ਸੀ, ਭਾਈ ਕਾਨ੍ਹ ਸਿੰਘ ਨੇ ਆਪ ਲੰਡਨ ਜਾ ਕੇ ਮੈਕਾਲਫ਼ ਦੀ ਮਦਦ ਕੀਤੀ ਸੀ। ਡਾ. ਗੋਪਾਲ ਸਿੰਘ ਨੇ ਸਿੱਖ ਇਤਿਹਾਸ ਤੇ ਫਿਲਾਸਫ਼ੀ ਬਾਰੇ ਬੜੀਆਂ ਕਿਤਾਬਾਂ ਲਿਖੀਆਂ ਸਨ। ਜਦ ਉਹ ਗੋਆ ਦੇ ਗਵਰਨਰ ਸਨ ਤਾਂ ੧੯੮੬ ਗੁਰਦੁਆਰਾ ਸਾਹਿਬ ਬਣਵਾਇਆ ਸੀ। ਉਨ੍ਹਾਂ ਪਿੱਛੋਂ ਸ. ਮਨਮੋਹਨ ਸਿੰਘ, ਡਾ. ਗੁਰਬਚਨ ਸਿੰਘ ਤਾਲਬ, ਸ. ਕਰਤਾਰ ਸਿੰਘ ਦੁੱਗਲ ਤੇ ਪ੍ਰੋ. ਦਰਸ਼ਨ ਸਿੰਘ ਨੇ ਵੀ ਅੰਗਰੇਜ਼ੀ ਵਿਚ ਗੁਰੂ ਗ੍ਰੰਥ ਸਾਹਿਬ ਦਾ ਤਰਜਮਾ ਕੀਤਾ ਹੈ। ਯੋਗੀ ਭਜਨ ਸਿੰਘ ਦੀ ਸੰਸਥਾ ਨੇ ਸਪੈਨਿਸ਼ ਬੋਲੀ ਵਿਚ ਤਰਜਮਾ ਕਰਵਾ ਦਿੱਤਾ ਹੈ। ਫਰੈਂਚ ਬੋਲੀ ਵਿਚ ਇਹ ਪ੍ਰਕਾਸ਼ਿਤ ਹੋ ਰਿਹਾ ਹੈ। ੧੯੬੬ ਵਿਚ ਯੂਨੈਸਕੋ ਨੇ ਚੋਣਵੇਂ ਸ਼ਬਦਾਂ ਨੂੰ ਅੰਗਰੇਜ਼ੀ ਵਿਚ ਛਾਪਿਆ ਸੀ, ਇਹ ਤਰਜਮਾ ਸ. ਖੁਸ਼ਵੰਤ ਸਿੰਘ, ਸ. ਕਪੂਰ ਸਿੰਘ, ਪ੍ਰੋ. ਹਰਬੰਸ ਸਿੰਘ ਆਦਿ ਨੇ ਕੀਤਾ ਸੀ। ਹੁਣ ਜਦ ਮੈਂ ਅਮਰੀਕਾ ਗਿਆ ਸੀ ਤਾਂ ਪਤਾ ਲੱਗਾ ਹੈ ਕਿ ਵਿਸ਼ਵ ਮਾਨਤਾ ਵਾਲੀ ਹਾਰਵਰਡ ਯੂਨੀਵਰਸਿਟੀ ਨੇ ਆਪਣੇ ਵਲੋਂ ਸਾਰੇ ਗੁਰੂਆਂ ਦੀ ਬਾਣੀ ਅੰਗਰੇਜ਼ੀ ਵਿਚ ਛਾਪਣ ਦਾ ਫੈਸਲਾ ਲਿਆ ਹੈ ਅਤੇ ਡਾ. ਨਿਕੀ ਗੁਰਿੰਦਰ ਕੌਰ (ਜੋ ਕੋਲਬੀ ਕਾਲਜ ਵਿਚ ਪ੍ਰੋ. ਹੈ) ਤੋਂ ਇਹ ਤਰਜਮਾ ਕਰਵਾ ਰਹੇ ਹਨ।

ਹੁਣ ਲੋੜ ਹੈ ਕਿ ਵੱਧ ਤੋਂ ਵੱਧ ਵਿਦਿਆਰਥੀ ਸਿੱਖ ਸਿਧਾਂਤ ਤੇ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫ਼ੀ ਤੇ ਰੀਸਰਚ ਸਕਾਲਰ ਬਣਨ, ਬਹੁਤ ਘਾਟ ਹੈ ਹਰ ਥਾਂ। ਅੰਗਰੇਜ਼ੀ ਵਿਚ ਵਿਦਵਾਨ ਵਧਣ-ਇਸ ਕੰਮ ਲਈ ਸ਼੍ਰੋਮਣੀ ਕਮੇਟੀ ਉਚੇਚੀ ਸਕੀਮ ਬਣਾਵੇ। ਯੂਨੀਵਰਸਿਟੀ ਗਰੇਡ ਤਾਂ ਵੀ.ਸੀ. ਦੇਣ ਪਰ ਨਾਲ ਹੀ ਉਤਸ਼ਾਹੀ ਗਰਾਂਟ ਗੁਰਦੁਆਰਾ ਕਮੇਟੀ ਦੇਵੇ। ਇਹ ਸਕਾਲਰ ਸਭ ਤੋਂ ਵੱਧ ਤਨਖਾਹ ਲੈਣ ਵਾਲੇ ਹੋਣ। ਵੱਧ ਤੋਂ ਵੱਧ ਵਿਦਿਆਰਥੀ ਸਟੱਡੀ ਸੈਂਟਰ ਵਿਚ ਦਾਖ਼ਲਾ ਲੈਣ। ਸੈਂਟਰ ਦੀ ਕਾਮਯਾਬੀ ਆਪਣੇ ਨਤੀਜਿਆਂ ਤੋਂ ਹੀ ਹੋਵੇਗੀ। ਖਰਚਾ ਕਰਨ ਦੀ ਕਮੀ ਨਹੀਂ ਹੈ। ਇਹ ਸੈਂਟਰ ਅੰਮ੍ਰਿਤਸਰ ਵਿਚ ਵਿਸ਼ਵ ਵਿਚ ਗੁਰੂ ਨਾਨਕ ਨਾਮ ਦੀ ਧੁੰਮ ਪਾਵੇ, ਇਹੋ ਮੇਰੀ ਅਰਦਾਸ ਹੈ।

> ਪੰਜ-ਪੰਜ ਸੌ, ਹਜ਼ਾਰ-ਹਜ਼ਾਰ ਪੰਨਿਆਂ ਦੀਆਂ ਮੋਟੀਆਂ ਪੁਸਤਕਾਂ ਨੂੰ ਖਰੀਦਣ ਅਤੇ ਪੜ੍ਹਨ ਦੀ ਤਾਕਤ ਕਿਸ ਵਿਚ ਹੈ। ਉਨ੍ਹਾਂ ਨੂੰ ਸਮਝਣ ਲਈ ਤਾਕਤ ਅਤੇ ਸਬਰ ਵੀ ਤਾਂ ਬਹੁਤ ਚਾਹੀਦਾ ਹੈ। ਗਰੀਬ ਤੋਂ ਗਰੀਬ ਬੰਦਿਆਂ ਦੀਆਂ ਕੁਲੀਆਂ ਤਾਈਂ ਪਹੁੰਚ ਰੱਖਣ ਵਾਲੇ ਤਾਂ ਪੰਜ-ਪੰਜ, ਦਸ-ਦਸ ਪੈਸੇ ਵਾਲੇ ਪੈਂਫਲਿਟ (ਕਿਤਾਬ 'ਚ) ਹੀ ਹੁੰਦੇ ਹਨ। ਜਿਨ੍ਹਾਂ ਨਾਲ ਮਨੋ ਮਨੋਬਿਰਤੀਆਂ ਵਿਚ ਇਨਕਲਾਬ ਪੈਦਾ ਹੁੰਦਾ ਹੈ।
>
> -ਵਾਲਟੇਅਰ


Namdhari Elibrary NamdhariElibrary@gmail.com

# ਕੂਕੇ ਸਿੱਖਾਂ ਦੀ ਅੰਗਰੇਜ਼ੀ ਰਾਜ ਨੂੰ ਖੁੱਲੀ ਚੁਣੌਤੀ

*—ਮਹਿੰਦਰ ਸਿੰਘ ਪੰਜਲ*




ਦੇਸ਼ਵਾਸੀਆਂ ਨੂੰ ਅੰਗਰੇਜ਼ੀ ਰਾਜ ਤੋਂ ਮੁਕਤੀ ਦਿਵਾਉਣ ਲਈ ਕੂਕੇ ਸਿੱਖਾਂ ਨੇ ਜਨਵਰੀ, ੧੮੭੨ ਵਿਚ ਬੁੱਚੜਾਂ ਨੂੰ ਮਾਰਨ ਲਈ ਮਲੇਰਕੋਟਲੇ ਤੇ ਯੋਜਨਾਬੱਧ ਤਰੀਕੇ ਨਾਲ ਹਮਲਾ ਕੀਤਾ। ਅੰਗਰੇਜ਼ਾਂ ਨੇ ਇਸ ਹਮਲੇ ਨੂੰ ਆਪਣੇ ਸਾਮਰਾਜ ਲਈ ਖਤਰਾ ਸਮਝਦਿਆਂ ਕੂਕੇ ਸਿੱਖਾਂ ਤੇ ਵਹਿਸੀਆਨਾ ਕਾਰਵਾਈ ਕਰਦਿਆਂ ਤੋਪਾਂ ਨਾਲ ਉਡਾ ਦਿੱਤਾ। ਉਸ ਸਮੇਂ ਸਾਡਾ ਦੇਸ਼ ਅਤਿਅੰਤ ਨਾਜ਼ਕ ਦੌਰ 'ਚੋਂ ਲੰਘ ਰਿਹਾ ਸੀ। ਸਾਰਾ ਦੇਸ਼ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜਿਆ ਹੋਇਆ ਸੀ। ਕੋਈ ਰਾਜਨੀਤਕ ਜਥੇਬੰਦੀ ਜਾਂ ਪਾਰਟੀ ਅੰਗਰੇਜ਼ਾਂ ਨੂੰ ਲਲਕਾਰਨ ਦੀ ਹਿੰਮਤ ਨਹੀਂ ਸੀ ਰੱਖਦੀ। ਲੋਕ ਡਰਦੇ ਮਾਰੇ ਉਭਾਸਰ ਨਹੀਂ ਸਕਦੇ ਸਨ। ਅਜਿਹੇ ਜੋਖਮ ਭਰੇ ਸਮੇਂ ਵਿਚ ਪੰਜਾਬ ਵਿਚ ਸਤਿਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੇ ਪੈਰੋਕਾਰ ਕੂਕੇ ਸਿੱਖ ਅਜ਼ਾਦੀ ਲਈ ਜੂਝ ਰਹੇ ਸਨ। ਮਲੇਰਕੋਟਲੇ ਦਾ ਸਾਕਾ ਵੀ ਆਜ਼ਾਦੀ ਦੀ ਭਾਵਨਾ 'ਚੋਂ ਉਦੇ ਹੋਇਆ। ਵਧੇਰੇ ਜਾਣਕਾਰੀ ਲਈ ਸਾਨੂੰ ਉਸ ਸਮੇਂ ਦੇ ਇਤਿਹਾਸ ਤੇ ਨਜ਼ਰ ਮਾਰਨੀ ਬਹੁਤ ਜ਼ਰੂਰੀ ਹੈ।

ਜੂਨ ੧੮੩੯ ਵਿਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ। ਮਹਾਰਾਜ ਦੇ ਅੱਖਾਂ ਮੀਟਣ ਦੀ ਦੇਰ ਸੀ, ਪੰਜਾਬ ਦੇ ਹਾਲਾਤ ਵਿਗੜਣੇ ਸ਼ੁਰੂ ਹੋ ਗਏ। ਲਾਹੌਰ ਖਾਲਸਾ ਦਰਬਾਰ ਸਾਜ਼ਿਸ਼ਾਂ ਦਾ ਅੱਡਾ ਬਣ ਗਿਆ। ਸਿੱਖ ਸਰਦਾਰ ਆਪਸੀ ਲੜਾਈ ਵਿਚ ਵਾਰੋ ਵਾਰੀ ਕਤਲ ਹੋ ਗਏ। ਸਿੱਖ ਸਰਦਾਰ ਅੰਗਰੇਜ਼ਾਂ ਦੀ ਕੂਟਨੀਤਕ ਚਾਲਾਂ ਵਿਚ ਆ ਗਏ। ਜਿਸ ਨਾਲ ਅੰਗਰੇਜ਼ਾਂ ਨੂੰ ਪੰਜਾਬ ਤੇ ਕਬਜ਼ਾ ਕਰਨ ਦਾ ਮੌਕਾ ਹੱਥ ਲੱਗ ਗਿਆ। ੨੯ ਮਾਰਚ ੧੮੪੯ ਨੂੰ ਪੰਜਾਬ ਅੰਗਰੇਜ਼ੀ ਸਾਮਰਾਜ ਦਾ ਹਿੱਸਾ ਬਣ ਗਿਆ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਦੋ ਕੁ ਸਾਲ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਕੰਵਰ ਨੌਨਿਹਾਲ ਸਿੰਘ ਦੀ ਰਜਮੈਂਟ ਵਿਚ ਭਰਤੀ ਹੋ ਗਏ ਸਨ। ਕਿਉਂਕਿ ਇਹ ਰਜਮੈਂਟ ਜ਼ਿਆਦਾ ਸਮਾਂ ਲਾਹੌਰ ਹੀ ਰਹੀ। ਜਿਸ ਕਰਕੇ ਆਪ ਜੀ ਨੂੰ ਉਸ ਸਮੇਂ ਸਿੱਖ ਸਰਦਾਰਾਂ ਦੇ ਆਚਰਣ ਵਿਚ ਆਈ ਗਿਰਾਵਟ ਅਤੇ ਕਮਜ਼ੋਰੀਆਂ ਨੂੰ ਨੇੜਿਓ ਵੇਖਣ ਦਾ ਮੌਕਾ ਮਿਲਿਆ। ਆਪ ਅਜਿਹਾ ਬਰਦਾਸ਼ਤ ਨਾ ਕਰ ਸਕੇ ਜਿਸ ਕਰਕੇ ੧੮੪੫ ਵਿਚ ਫੌਜ ਦੀ ਨੌਕਰੀ ਛੱਡ ਕੇ ਵਾਪਸ ਆਪਣੇ ਪਿੰਡ ਭੈਣੀ ਰਾਈਆਂ ਆ ਗਏ।

ਖਾਲਸਾ ਰਾਜ ਵਿਚ ਗਊ ਹੱਤਿਆ ਦੀ ਮਨਾਹੀ ਸੀ। ਅੰਗਰੇਜ਼ਾਂ ਨੇ ਪੰਜਾਬ ਤੇ ਕਾਬਜ਼ ਹੁੰਦਿਆ ਹੀ "ਵੰਡੋ ਅਤੇ ਰਾਜ ਕਰੋ" ਦੀ ਨੀਤੀ ਤੇ ਅਮਲ ਕਰਦਿਆਂ ਪੰਜਾਬ ਵਿਚ ਗਊ ਹੱਤਿਆ ਕਰਨ ਲਈ ਬੁੱਚੜਖਾਨੇ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ। ਅਜਿਹਾ ਕਰਨ ਨਾਲ ਅੰਗਰੇਜ਼ ਸਮਝਦਾ ਸੀ ਕਿ ਇਸ ਨਾਲ ਪੰਜਾਬ ਵਿਚ ਹਿੰਦੂ ਅਤੇ ਮੁਸਲਮਾਨਾਂ ਵਿਚਕਾਰ ਧਾਰਮਿਕ ਦੰਗੇ ਫਸਾਦ ਸ਼ੁਰੂ ਹੋ ਜਾਣਗੇ। ਜਿਸ ਨਾਲ ਅੰਗਰੇਜ਼ਾਂ ਨੂੰ ਪੰਜਾਬ ਵਿਚ ਆਪਣੀ ਰਾਜ ਸੱਤਾ ਨੂੰ ਹੋਰ ਮਜ਼ਬੂਤ ਕਰਨ ਦਾ ਮੌਕਾ ਮਿਲ ਜਾਵੇਗਾ।

ਅੰਗਰੇਜ਼ ਧਰਮ ਦੇ ਨਾਮ ਤੇ ਪੰਜਾਬੀਆਂ ਨੂੰ ਲੜਾਕੇ ਆਪਣੇ ਰਾਜ ਨੂੰ ਹੋਰ ਮਜਬੂਤ ਕਰਨੀ ਚਾਹੁੰਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ਾਂ ਦੀ ਇਸ ਨੀਤੀ ਨੂੰ ਪਹਿਚਾਣਿਆ ਅਤੇ ਪੰਜਾਬੀਆਂ ਨੂੰ ਇਸ ਵਿਰੁੱਧ ਡਟਣ ਦਾ ਸੱਦਾ ਦਿੱਤਾ। ੧੨ ਅਪ੍ਰੈਲ ੧੮੫੭ ਨੂੰ ਵਿਸਾਖੀ ਵਾਲੇ ਦਿਨ ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਸੰਤ ਖਾਲਸੇ ਦੀ ਸਾਜਨਾ ਕੀਤੀ। ਇਸ ਦਿਨ ਹੀ ਅੰਗਰੇਜ਼ ਸਰਕਾਰ ਦੇ ਬਰਖਿਲਾਫ ਨਾਮਿਲਵਰਤਣ ਅੰਦੋਲਨ ਸ਼ੁਰੂ ਕੀਤਾ ਗਿਆ। ਗਊ ਹੱਤਿਆ ਨੂੰ ਰੋਕਣਾ ਵੀ ਆਪ ਦੇ ਨਾਮਿਲਵਰਤਣ ਅੰਦੋਲਨ ਦਾ ਇਕ ਹਿੱਸਾ ਸੀ ਤਾਂ ਕਿ ਅੰਗਰੇਜ਼ਾਂ ਦੀ ਵੰਡੋ ਅਤੇ ਰਾਜ ਕਰੋ ਦੀ ਨੀਤੀ ਨੂੰ ਅਸਫਲ ਬਣਾਇਆ ਜਾਵੇ। ਸਿੱਖੀ ਦੇ ਪ੍ਰਚਾਰ ਲਈ ਭੈਣੀ ਸਾਹਿਬ ਤੋਂ ਬਾਹਰ ਦੌਰਿਆਂ ਤੇ ਜਾਣਾ ਅਰੰਭ ਕੀਤਾ। ਪੰਜਾਬੀਆਂ ਨੂੰ ਆਪਣੇ ਵਿਰਸੇ ਨਾਲ ਜੁੜਣ ਅਤੇ ਅੰਗਰੇਜ਼ਾਂ ਦੀ ਜ਼ਲਾਲਤ ਭਰੀ ਗੁਲਾਮ ਤੋਂ ਖਹਿੜਾ ਛੁਡਾਣ ਲਈ ਪ੍ਰੇਰਿਆ। ਆਪ ਜੀ ਦਾ ਇਹ ਉਪਦੇਸ਼ ਪੰਜਾਬੀਆਂ ਦੇ ਮਨਾਂ ਵਿਚ ਘਰ ਕਰਨ ਲੱਗਾ।

Namdhari Elibrary NamdhariElibrary@gmail.com

ਥੋੜ੍ਹੇ ਜਿਹੇ ਸਮੇਂ ਵਿਚ ਹੀ ਆਪ ਜੀ ਦੇ ਅਨੁਆਈ ਨਾਮਧਾਰੀ ਸਿੱਖ ਜਾਂ ਜਿਨ੍ਹਾਂ ਨੂੰ ਕੂਕੇ ਵੀ ਕਿਹਾ ਜਾਂਦਾ ਸੀ, ਦੀ ਗਿਣਤੀ ਨੌਂ ਦਸ ਲੱਖ ਦੇ ਕਰੀਬ ਪਹੁੰਚ ਗਈ।

ਸਤਿਗੁਰੂ ਰਾਮ ਸਿੰਘ ਜੀ ਦੀ ਦਿਨੋ ਦਿਨ ਵਧ ਰਹੀ ਤਾਕਤ ਨੂੰ ਵੇਖ ਕੇ ਅੰਗਰੇਜ਼ ਸਰਕਾਰ ਘਬਰਾ ਗਈ ਅਤੇ ਚੌਕੰਨੀ ਹੋ ਗਈ। ਅੰਗਰੇਜ਼ ਕਿਸੇ ਅਜਿਹੇ ਮੌਕੇ ਦੀ ਤਲਾਸ਼ ਵਿਚ ਸੀ ਜਿਸਨੂੰ ਬਹਾਨਾ ਬਣਾ ਕੇ ਉੱਭਰ ਰਹੀ ਜਥੇਬੰਦੀ ਨੂੰ ਕੁਚਲ ਦਿੱਤਾ ਜਾਵੇ। ਅਜਿਹਾ ਮੌਕਾ ਅੰਗਰੇਜ਼ ਸਰਕਾਰ ਨੂੰ ਜਲਦੀ ਹੀ ਹੱਥ ਲੱਗ ਗਿਆ। ਗੁਰੂ ਜੀ ਨੂੰ ਭੈਣੀ ਸਾਹਿਬ ਤੋਂ ਬਾਹਰ ਜਾਣ ਦੀ ਮਨਾਹੀ, ਇਸ ਕਰਕੇ ਗੁਰੂ ਜੀ ਨੇ ਲੋਹੜੀ ਦਾ ਤਿਉਹਾਰ ੧੨ ਜਨਵਰੀ ੧੮੭੨ ਨੂੰ ਭੈਣੀ ਸਾਹਿਬ ਹੀ ਮਨਾਉਣ ਦਾ ਫੈਸਲਾ ਕੀਤਾ। ਭੋਗ ਪੈਣ ਤੋਂ ਬਾਅਦ ਹੋਰ ਸਾਰੀ ਸੰਗਤ ਆਪੋ ਆਪਣੇ ਘਰਾਂ ਨੂੰ ਵਾਪਸ ਚਲੀ ਗਈ ਪਰ ੧੪੦ ਕੂਕੇ ਸਿੰਘਾਂ ਦਾ ਜਥਾ ਮਰਨ ਮਾਰਨ ਅਤੇ ਮਲੇਰਕੋਟਲੇ ਹਮਲਾ ਕਰਨ ਦੀਆਂ ਗੱਲਾਂ ਕਰ ਰਿਹਾ ਸੀ। ਇਸ ਜਥੇ ਦੀ ਅਗਵਾਈ ਸਕਰੌਦੀ ਪਿੰਡ ਦਾ ਸਰਦਾਰ ਜਥੇਦਾਰ ਹੀਰਾ ਸਿੰਘ ਕਰ ਰਿਹਾ ਸੀ। ਪਤਾ ਲੱਗਣ ਤੇ ਸਤਿਗੁਰੂ ਜੀ ਜੋਸ਼ ਵਿਚ ਆਏ ਸਿੱਖਾਂ ਨੂੰ ਸਮਝਾਉਂਦਿਆਂ ਬਚਨ ਕੀਤਾ। "ਸਾਡੀ ਤਾਕਤ ਅਜੇ ਇੰਨ੍ਹੀ ਨਹੀਂ ਕਿ ਅੰਗਰੇਜ਼ ਸਰਕਾਰ ਨੂੰ ਟੱਕਰ ਦੇ ਸਕੀਏ। ਥੋੜਾ ਸਮਾਂ ਹੋਰ ਇੰਤਜ਼ਾਰ ਕਰੋ। ਚਾਹੁੰਦੇ ਤਾਂ ਅਸੀਂ ਵੀ ਓਹੀ ਹਾਂ ਜੋ ਕੁਛ ਤੁਸੀਂ ਚਾਹੁੰਦੇ ਹੋ।

ਜਥੇਦਾਰ ਹੀਰਾ ਸਿੰਘ ਨੇ ਗੁਰੂ ਜੀ ਨੂੰ ਕਿਹਾ ਕਿ ਸਾਨੂੰ ਨੌਵੇਂ ਪਾਤਸ਼ਾਹ ਗੁਰੂ ਤੇਗ-ਬਾਹਦਰ ਜੀ, ਸ਼ੀਸ ਦੇਣ ਲਈ ਆਖ ਰਹੇ।

ਜਥੇਦਾਰ ਹੀਰਾ ਸਿੰਘ ਦੇ ਮੂੰਹੋਂ ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ ਠੀਕ ਹੈ। ਅਸੀਂ ਅੰਗਰੇਜ਼ ਦੀ ਝੱਲ ਲਵਾਂਗੇ ਪਰ ਗੁਰੂ ਤੇਗ ਬਹਾਦਰ ਜੀ ਦਾ ਹੁਕਮ ਨਹੀਂ ਮੋੜ ਸਕਦੇ। ਇਸ ਤੇ ਗੁਰੂ ਜੀ ਨੇ ਹੀਰਾ ਸਿੰਘ ਦੇ ਕੰਨ ਵਿਚ ਕੁਛ ਕਿਹਾ ਤੇ ਥਾਪੜਾ ਦਿੱਤਾ।

ਹਮਲੇ ਦੀ ਵਿਉਂਤ ਬਣਾ ਕੇ ੧੪ ਜਨਵਰੀ ਨੂੰ ਜਥੇ ਨੇ ਮਲੇਰਕੋਟਲੇ ਵੱਲ ਨੂੰ ਚਾਲੇ ਪਾਏ। ਰਸਤੇ ਵਿਚ ਮਲੌਦ ਵਿਖੇ ਹਲਕੀ ਮੁੱਠਭੇੜ ਹੋਈ। ਦੋਹੀਂ ਪਾਸੀਂ ਦੋ ਦੋ ਆਦਮੀ ਮਾਰੇ ਗਏ। ੧੫ ਜਨਵਰੀ ਸਵੇਰੇ ਹੀ ਢਾਬੀ ਦਰਵਾਜ਼ੇ ਰਾਹੀਂ ਕੂਕੇ ਸਿੰਘਾਂ ਨੇ ਮਲੇਰਕੋਟਲੇ ਤੇ ਹਮਲਾ ਕੀਤਾ ਜਿਸ ਵਿਚ ਦੋਵਾ ਧਿਰਾਂ ਦਾ ਜਾਨੀ ਨੁਕਸਾਨ ਹੋਇਆਂ। ਅੱਠ ਸਿੰਘ ਵੀ ਸ਼ਹੀਦ ਹੋ ਗਏ। ਇਨ੍ਹਾਂ ਕੁਛ ਕਰਕੇ ਜਥਾ ਮਲੇਰਕੋਟਲੇ ਤੋਂ ਬਾਹਰ ਆ ਗਿਆ। ਸਮੁੰਦ ਖਾਂ ਪਠਾਣ ਨੇ ਜਥੇ ਦਾ ਪਿੱਛਾ ਕੀਤਾ ਤੇ ਜਥੇਦਾਰ ਹੀਰਾ ਸਿੰਘ ਨੂੰ ਉਸਨੇ ਲਲਕਾਰਿਆ। ਆਪਸੀ ਦੁਵੱਲੀ ਲੜਾਈ ਵਿਚ ਸਮੁੰਦ ਖਾਂ ਪਠਾਣ ਜਥੇਦਾਰ ਦੇ ਹੱਥੋਂ ਮਾਰਿਆ ਗਿਆ। ਇਸ ਉਪਰੰਤ ਜਥਾ ਪਿੰਡ ਰੜ ਪਹੁੰਚ ਗਿਆ। ਇਥੇ ਹੀ ਹੀਰਾ ਸਿੰਘ ਨੇ ਜਥੇ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ "ਸਾਡਾ ਮਕਸਦ ਪੂਰਾ ਹੋਇਆ। ਇਸ ਤੋਂ ਅਗੇ ਹੋਰ ਕੁਝ ਨਹੀਂ ਕਰਨਾ। ਹੁਣ ਅਸੀਂ ਆਤਮ ਸਮਰਪਣ ਕਰਕੇ ਸ਼ੀਸ ਦੇਵਾਂਗੇ।

ਇਥੇ ਸ. ਹੀਰਾ ਸਿੰਘ ਦੇ ਸ਼ਬਦ ਨੋਟ ਕਰਨ ਵਾਲੇ ਹਨ। ਜੇਕਰ ਪੰਜ-ਸੱਤ ਬੁਚੜਾਂ ਨੂੰ ਮਾਰਨਾ ਹੀ ਜਥੇ ਦਾ ਅਸਲ ਮਨਸੂਬਾ ਸੀ ਤਾਂ ਇਨ੍ਹਾਂ ਵੱਡਾ ਕਾਫਲੇ ਲੈ ਕੇ ਚੱਲਣ ਦੀ ਕੀ ਜ਼ਰੂਰਤ ਸੀ। ਇਤਨਾ ਕੰਮ ਤਾਂ ਥੋੜ੍ਹੇ ਜਿਹੇ ਸਿੱਖ ਹੀ ਅਰਾਮ ਨਾਲ ਕਰ ਸਕਦੇ ਸਨ। ਮਤਲਬ ਸਾਫ਼ ਸੀ। ਕੂਕੇ ਸਿੰਘ ਅੰਗਰੇਜ਼ ਸਰਕਾਰ ਦਾ ਕਨੂੰਨ ਤੋੜ ਕੇ ਅੰਗਰੇਜ਼ ਨੂੰ ਚੁਣੌਤੀ ਦੇਣਾ ਚਾਹੁੰਦੇ ਸਨ। ਚਾਹੁੰਦੇ ਤਾਂ ਸਿੱਖ ਉਥੋਂ ਖਿੱਸ ਕੇ ਹੋਰ ਥਾਂ ਲੁਕ ਛਿੱਪ ਸਕਦੇ ਸਨ, ਪਰ ਸਿੱਖ ਭੱਜੇ ਨਹੀਂ। ਕਿਸੇ ਨੇ ਠੀਕ ਕਿਹਾ "ਜਿੰਨ੍ਹਾਂ ਮਰਣ ਕਬੂਲ ਕਰ ਲਿਆ, ਉਹ ਜਾਨ ਬਚਾ ਕੇ ਭਜਣਾ ਨਹੀਂ ਲੋੜਦੇ। ਇਹੋ ਜਿਹੀ ਹਾਲਤ ਸੀ ਉਸ ਸਮੇਂ ਜਥੇ ਦੀ। ਦੇਸ਼ਵਾਸੀਆਂ ਨੂੰ ਜਗਾਉਣ ਲਈ ਆਪਾ ਵਾਰ ਕੇ ਕੂਕੇ ਸਿੱਖ ਮੌਤ ਨੂੰ ਭਾਲਦੇ ਫਿਰਦੇ ਸਨ।

ਪੰਜਾਬ ਦੇ ਇਤਿਹਾਸ ਵਿਚ, ਆਜ਼ਾਦੀ ਦੀ ਲੜਾਈ ਸਮੇਂ ਇਸ ਤਰ੍ਹਾਂ ਹੋਰ ਉਦਾਹਰਣਾਂ ਵੀ ਮਿਲਦੀਆਂ ਹਨ। ਕੂਕਿਆਂ ਦੀ ਇਸ ਘਟਨਾ ਤੋਂ ਠੀਕ ੫੭ ਸਾਲ ਬਾਅਦ ੮ ਅਪ੍ਰੈਲ ੧੯੨੯ ਨੂੰ ਮਹਾਨ ਇਨਕਲਾਬੀ ਨੌਜਵਾਨ ਬੀ. ਕੇ ਦੱਤ (ਬੁਟਕੇਸ਼ਵਰ) ਅਤੇ ਭਗਤ ਸਿੰਘ ਨੇ ਦਿਲੀ ਪਾਰਲੀਮੈਂਟ ਹਾਲ ਵਿਚ ਦੋ ਬੰਬ ਸੁੱਟੇ। ਪਾਰਲੀਮੈਂਟ ਹਾਲ ਵਿਚ ਬੰਬ ਫੱਟਣ ਤੇ ਸਾਰਾ ਹਾਲ ਧੂੰਏ ਨਾਲ ਭਰ ਗਿਆ ਸੀ। ਧੂੰਏ ਦਾ ਫਾਇਦਾ ਲੈਂਦਿਆਂ ਦੋਵੇ ਨੌਜਵਾਨ ਭੱਜ ਸਕਦੇ ਸਨ, ਪਰ ਭੱਜੇ ਨਹੀਂ। ਗੈਲਰੀ ਵਿਚ ਖਲੋਕੇ ਭਗਤ ਸਿੰਘ ਅਤੇ ਬੀ.ਕੇ ਦੱਤ ਨੇ ਇੰਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਪਾਰਲੀਮੈਂਟ ਹਾਲ ਗੂੰਜਾ ਦਿੱਤਾ। ਬਾਅਦ ਵਿਚ ਸ. ਭਗਤ ਸਿੰਘ ਫਾਸੀ ਦੇ ਕੇ ਸ਼ਹੀਦ ਕੀਤਾ ਗਿਆ। ਦੇਸ਼ ਭਗਤ ਕੂਕੇ ਅਤੇ ਭਗਤ ਸਿੰਘ ਦੋਹਾਂ ਦਾ ਮਕਸਦ ਇਕੋ ਸੀ ਪਰ ਢੰਗ ਤਰੀਕਾ ਵੱਖਰਾ ਸੀ।

ਕੂਕਾ ਜਥੇ ਨੂੰ ਮਾਰ ਮੁਕਾਉਣ ਲਈ ੧੭ ਜਨਵਰੀ ਨੂੰ ਡਿਪਟੀ ਕਮਿਸ਼ਨਰ ਲੁਧਿਆਣਾ ਮਿਸਟਰ ਕਾਵਨ ਮਲੇਰਕੋਟਲੇ ਦੇ ਪਰੇਡ ਗਰਾਊਂਡ ਵਿਚ ਪਹੁੰਚ ਗਿਆ। ਗ੍ਰਿਫਤਾਰ ਕੀਤੇ ਗਏ ਜਥੇ ਨੂੰ ਪੁਲੀਸ ਗਾਰਦ ਦੇ ਪਹਿਰੇ ਹੇਠ ਮੈਦਾਨ ਵਿਚ ਲਿਆਂਦਾ ਗਿਆ। ਕੂਕੇ ਸਿੰਘਾਂ ਨੂੰ ਮਾਰ ਮੁਕਾਉਣ ਲਈ ਡੀ.ਸੀ. ਮਿਸਟਰ ਕਾਵਨ ਬਹੁਤ ਕਾਹਲਾ ਸੀ। ਇਸ ਕੰਮ ਲਈ ਪਟਿਆਲਾ, ਨਾਭਾ

Namdhari Elibrary NamdhariElibrary@gmail.com

ਅਤੇ ਜੀਂਦ ਰਿਆਸਤਾਂ ਦੇ ਘੋੜ ਸਵਾਰ, ਫੌਜੀ ਦਸਤੇ ਅਤੇ ਤੋਪਾਂ ਪਹਿਲਾਂ ਤੋਂ ਹੀ ਮੌਕੇ ਤੇ ਪੁੱਜ ਚੁੱਕੇ ਸਨ ਤੇ ਨਰ-ਸੰਘਾਰ ਕਰਨ ਲਈ ਤਿਆਰ-ਬਰ-ਤਿਆਰ ਸਨ। ਕਾਰਵਾਈ ਤੋਂ ਪਹਿਲਾਂ ਮਿ. ਕਾਵਨ ਨੇ ਜਥੇਦਾਰ ਹੀਰਾ ਸਿੰਘ ਨੂੰ ਪੁੱਛਿਆ "ਤੁਸੀਂ ਗਦਰ ਕਿਉਂ ਮਚਾਇਆ।"

ਇਸਤੇ ਹੀਰਾ ਸਿੰਘ ਨੇ ਲਲਕਾਰ ਕੇ ਕਿਹਾ, "ਅਸੀਂ ਅੰਗਰੇਜ਼ਾਂ ਦਾ ਰਾਜ ਨਹੀਂ ਚਾਹੁੰਦੇ। ਆਪਣੇ ਭਾਈਆਂ ਦਾ ਖਾਲਸਾ ਰਾਜ ਚਾਹੁੰਦੇ ਹਾਂ।"

ਇਹ ਉੱਤਰ ਸੁਣਕੇ ਮਿ. ਕਾਵਨ ਅੱਗ ਬਬੂਲਾ ਹੋ ਗਿਆ। ਨੀਚ ਨੇ ਹੁਕਮ ਕੀਤਾ ਕਿ ਸੱਤ-ਸੱਤ ਸਿੰਘਾਂ ਨੂੰ ਬੰਨਕੇ ਤੋਪਾਂ ਅੱਗੇ ਖੜਾ ਕੀਤਾ ਜਾਵੇ। ਇਸ ਤੇ ਕੂਕੇ ਸਿੰਘਾਂ ਨੇ ਜਲਾਦਾਂ ਨੂੰ ਮਨਾਹ ਕਰ ਦਿੱਤਾ ਤੇ ਕਿਹਾ ਅਸੀਂ ਆਪਣੇ ਆਪ ਹੀ ਤੋਪਾਂ ਅੱਗੇ ਆ ਜਾਵਾਂਗੇ ਅਤੇ ਸਨਮੁੱਖ ਸ਼ਹੀਦ ਹੋਵਾਂਗੇ।

ਡੀ.ਸੀ. ਮਿ. ਕਾਵਨ ਨੇ ਤੋਪ ਚਲਾਉਣ ਲਈ ਹੁਕਮ ਕੀਤਾ। ਸੱਤ ਤੋਪਾਂ ਵਾਰੀ-ਵਾਰੀ ਚਲੀਆਂ। ੪੯ ਕੂਕੇ ਸਿੱਖ ਤੂੰਬਾਂ-ਤੂੰਬਾਂ ਕਰਕੇ ਉਡਾ ਦਿੱਤੇ ਗਏ। ਇਕ ਬਾਰਾ ਕੁ ਸਾਲ ਬਾਲਕ ਬਿਸ਼ਨ ਸਿੰਘ ਨੇ ਮਿ੍. ਕਾਵਨ ਦੀ ਦਾੜ੍ਹੀ ਨੂੰ ਫੜ੍ਹਕੇ ਅਜਿਹਾ ਜ਼ੋਰ ਦਾ ਝਟਕਾ ਮਾਰਿਆ ਜਿਸ ਨਾਲ ਕਾਵਨ ਨੂੰ ਆਪਣੇ-ਆਪ ਛੁਡਾਉਣਾ ਔਖਾ ਹੋ ਗਿਆ। ਇਸ ਤੇ ਕੋਲ ਖੜੇ ਡੀ.ਸੀ. ਦੇ ਅੰਗ-ਰਖਿਅਕਾਂ ਨੇ ਬਾਲਕ ਬਿਸ਼ਨ ਸਿੰਘ ਦੇ ਕ੍ਰਿਪਾਨ ਨਾਲ ਹੱਥ ਕੱਟ ਦਿੱਤੇ ਅਤੇ ਫੇਰ ਤਲਵਾਰ ਨਾਲ ਸ਼ਹੀਦ ਕਰ ਦਿੱਤਾ।

ਇਸ ਖੂਨੀ ਸਾਕੇ ਦਾ ਚਸ਼ਮਦੀਦ ਗਵਾਹ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਉਸ ਸਮੇਂ ਮੌਕੇ ਤੇ ਮੌਜੂਦ ਸੀ। ਗਿਆਨੀ ਜੀ ਨੇ ਬਿਲਕੁਲ ਸੱਚ, ਅੱਖੀਂ ਡਿਠਾ ਹੂ-ਬ-ਹੂ ਹਾਲ ਪੰਥ ਪ੍ਰਕਾਸ਼ ਵਿਚ ਲਿਖਿਆ ਹੈ। ਕੂਕਿਆਂ ਨੂੰ ਗਿਆਨੀ ਜੀ ਦਾ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਹੈ। ਜੇਕਰ ਗਿਆਨੀ ਗਿਆਨ ਸਿੰਘ ਜੀ ਲਿਖਣ ਵਿਚ ਜ਼ਰ੍ਹਾ ਜਿੰਨੀ ਵੀ ਕੁਤਾਹੀ ਕਰ ਜਾਂਦੇ ਤਾਂ ਸਚਾਈ ਜਾਨਣ ਲਈ ਅਸੰਭਵ ਨਹੀਂ ਤਾਂ ਬਹੁਤ ਮੁਸ਼ਕਲ ਆਉਣੀ ਸੀ। ਪੰਥ ਪ੍ਰਕਾਸ਼ ਦੇ ਲੇਖਕ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਪੁਰਾਣੇ ਸਿੰਘਾਂ ਦੀਆਂ ਸ਼ਹਾਦਤਾਂ ਮੈਂ ਕਿਤਾਬਾਂ ਵਿਚ ਪੜ੍ਹੀਆਂ ਹਨ। ਇਹਨਾਂ ਕੂਕਿਆਂ ਦੀ ਸ਼ਹਾਦਤ ਮੈਂ ਅੱਖੀ ਵੇਖ ਕੇ ਲਿਖ ਰਿਹਾ ਹਾਂ।

"ਉਨ ਸਿੰਘਨ ਕਾ ਹਾਲ ਤੋ ਲਿਖਿਓ ਕਿਤਾਬਨ ਮਾਂਹਿ।
ਹਮ ਨਿਜ ਨੈਨਨ ਜੋ ਪਿਖਿਓ ਸੋ ਅਬ ਸਾਚ ਸੁਨਾਹਿ।
ਉਨ ਹਿੱਤ ਹੁਕਮ ਅੰਗਰੇਜੀ ਆਓ।
ਇਨਕੋ ਤੋਪਨ ਸੰਗ ਉਡਾਯੋ।
ਜਬ ਇਹ ਹੁਕਮ ਉਨੈਂ ਸੁਨ ਪਾਓ।
ਖੁਸ਼ੀ ਭਏ ਅਤਿ ਹੀਯ ਹੁਲਸਾਓ।
ਮੁੱਖ ਪਰ ਲਾਲੀ ਚੜ੍ਹੀ ਬਥੇਰੇ।
ਗਾਵਤ ਗੁਰਕੇ ਸ਼ਬਦ ਉਚੇਰੇ।
ਦੀਵੇ ਪਰ ਜਯੋਂ ਆਇ ਪਤੰਗੇ।
ਤਯੋਂ ਤੋਪਨ ਦਿਸ ਜਾਇ ਨਿਸੰਗੇ।
ਉਡੇ ਖੁਸ਼ੀ ਹੈ ਹੈ ਕਰ ਸਾਰੇ।
ਜਰਾ ਨਾ ਕੀਨੇ ਪਰਾਨ ਪਿਯਾਰੇ।"

ਅਗਲੀ ਸਵੇਰ ੧੮ ਜਨਵਰੀ ਨੂੰ ਅੰਬਾਲੇ ਦਾ ਕਮਿਸ਼ਨਰ ਮਿ. ਫੋਰਸਾਈਥ ਵੀ ਮਲੇਰਕੋਟਲੇ ਪਹੁੰਚ ਗਿਆ। ਮਹਿਜ਼ ਕਾਗਜ਼ਾਂ ਦੀ ਖਾਨਾ-ਪੂਰਤੀ ਕਰਕੇ ਬਾਕੀ ੧੬ ਸਿੰਘਾਂ ਨੂੰ ਵੀ ਤੋਪਾਂ ਨਾਲ ਸ਼ਹੀਦ ਕਰ ਦਿੱਤਾ। ਇਨ੍ਹਾਂ ਸੋਲ੍ਹਾਂ ਸ਼ਹੀਦ ਸਿੰਘਾਂ ਵਿਚ ਇਕ ਮਧਰੇ ਕੱਦ ਦਾ ਆਦਮੀ ਵਰਿਆਮ ਸਿੰਘ ਵੀ ਸ਼ਾਮਲ ਸੀ। ਜਿਸਦੀ ਸਿਫਾਰਸ਼ ਮਹਾਰਾਜਾ ਪਟਿਆਲਾ ਨੇ ਜਾਨ ਬਖਸ਼ਣ ਲਈ ਕੀਤੀ ਸੀ। ਇਸਤੇ ਅੰਗਰੇਜ਼ ਨੇ ਉਸਨੂੰ ਬਹਾਨੇ ਨਾਲ ਤੋਪ ਅੱਗੋਂ ਹੱਟਣ ਲਈ ਕਿਹਾ ਕਿ ਤੇਰਾ ਕੱਦ ਛੋਟਾ ਹੋਣ ਕਰਕੇ ਤੋਪ ਦੀ ਮਾਰ ਵਿਚ ਨਹੀਂ ਆਉਂਦਾ। ਪਰ ਵਰਿਆਮ ਸਿੰਘ ਨੇ ਭੱਜ ਕੇ ਖੇਤ ਵਿੱਚੋਂ ਢੀਮਾਂ ਇਕੱਠੀਆਂ ਕਰ ਲਿਆਂਦੀਆਂ। ਇਸਤਰ੍ਹਾਂ ਥੜ੍ਹੇ ਉੱਪਰ ਖੜ੍ਹਕੇ ਉਸਨੇ ਸ਼ਹਾਦਤ ਦਾ ਜਾਮ ਪੀਤਾ।

ਅੰਗਰੇਜ਼ੀ ਸਾਮਰਾਜ ਤੇ ਬਸਤੀਵਾਦ ਤੋਂ ਦੇਸ਼ਵਾਸੀਆਂ ਨੂੰ ਮੁਕਤੀ ਦਿਵਾਉਣ ਲਈ ਕੂਕਿਆਂ ਨੇ ਸਭ ਤੋਂ ਪਹਿਲਾਂ ਸ਼ਹਾਦਤਾਂ ਦੇ ਕੇ ਸਿੱਖ ਇਤਿਹਾਸ ਨੂੰ ਰੁਸ਼ਨਾਇਆ। ਕੂਕਿਆਂ ਦੀ ਮਹਾਨ ਕੁਰਬਾਨੀ ਤੇ ਸਾਡਾ ਭਾਰਤ ਦੇਸ਼ ਹਮੇਸ਼ਾ ਮਾਣ ਕਰਦਾ ਰਹੇਗਾ।

*ਬਰਨਾਲਾ*

*ਮੋਬ-੯੫੦੧੧-੬੨੧੦੧*

**ਇਤਿਹਾਸ**

ਮਨੁੱਖ ਆਪਣਾ ਇਤਿਹਾਸ ਆਪ ਸਿਰਜਦੇ ਹਨ, ਪਰ ਉਹ ਇਸ ਤਰ੍ਹਾਂ ਨਹੀਂ ਸਿਰਜ ਸਕਦੇ ਜਿਸ ਤਰ੍ਹਾਂ ਉਨ੍ਹਾਂ ਦਾ ਜੀਅ ਚਾਹੇ, ਉਹ ਇਸ ਨੂੰ ਅਜਿਹੀਆਂ ਪ੍ਰਸਥਿਤੀਆਂ ਵਿਚ ਨਹੀਂ ਸਿਰਜਦੇ ਜਿਹਨਾਂ ਦੀ ਚੋਣ ਉਨ੍ਹਾਂ ਆਪ ਕੀਤੀ ਹੋਵੇ, ਸਗੋਂ ਉਨ੍ਹਾਂ ਪ੍ਰਸਥਿਤੀਆਂ ਅਧੀਨ ਸਿਰਜਦੇ ਜਿਹਨਾਂ ਦੀ ਚੋਣ ਉਨ੍ਹਾਂ ਆਪ ਕੀਤੀ ਹੋਵੇ, ਸਗੋਂ ਉਨ੍ਹਾਂ ਪ੍ਰਸਥਿਤੀਆਂ ਅਧੀਨ ਸਿਰਜਦੇ ਸਿਰਜਦੇ ਹਨ, ਜਿਹੜੀਆਂ ਸਿੱਧੇ ਬੀਤੇ ਵਿੱਚੋਂ ਆਈਆਂ, ਮਿਲੀਆਂ ਅਤੇ ਪ੍ਰਾਪਤ ਹੋਈਆਂ ਹਨ।

*-ਕਾਰਲ ਮਾਰਕਸ*

Namdhari Elibrary NamdhariElibrary@gmail.com

# ਮੌਜ ਮੇਲਾ ਸਟੋਨਹੈਂਜ ਦਾ



*—ਤਾਰਾ ਸਿੰਘ ਅਨਜਾਣ*

ਆਮ ਆਦਮੀ ਵਾਸਤੇ ਇਸਨੂੰ ਸਮਝਣਾ ਕਿੰਨਾ ਕੁ ਸੌਖਾ ਹੋਵੇਗਾ, ਜਦੋਂ ਉਸਨੂੰ ਕੋਈ ਦੱਸੇ, "ਅਸੀਂ ਘਰੋਂ ਮੀਲਾਂ ਦੂਰ, ਅੱਧੀ ਰਾਤ, ਉਠ ਕੇ, ਪੱਥਰ ਦੇਖਣ ਗਏ ਸਾਂ। ਪੱਥਰ ਕੁਝ ਦੂਰ-ਨੇੜੇ ਡਿੱਗੇ ਹੋਏ, ਕੁਝ ਖੜ੍ਹੇ ਹੋਏ ਅਤੇ ਕੁਝ ਖੜ੍ਹੇ ਹੋਏ ਪੱਥਰਾਂ ਉੱਤੇ ਟਿਕੇ ਹੋਏ।" ਜੇ ਕੋਈ ਪੁੱਛੇ, "ਇਹ ਕਿਹੜੀ ਥਾਂ ਹੈ?" ਤਾਂ ਦੱਸਿਆ ਜਾਏਗਾ ਸਟੋਨਹੈਂਜ।

ਉਥੇ ਸਾਲ ਵਿਚ ਇਕ ਦਿਨ ਬੜੀ ਵੱਡੀ ਗਿਣਤੀ ਵਿਚ ਭੀੜ ਇਕੱਠੀ ਹੁੰਦੀ ਹੈ, ੨੫-੩੦,੦੦੦ ਦੀ ਭੀੜ ਤੇ ਕਈ ਵਾਰ ਇਸ ਤੋਂ ਵੀ ਵੱਧ। ਇਹ ਥਾਂ ਇੰਗਲੈਂਡ ਵਿਚ ਹੈ। ਮੈਂ ਵੀ ਉਥੇ ਗਿਆ ਹੋਇਆ ਸਾਂ, ਆਪਣੇ ਲੜਕੇ ਅਜੀਤ (ਰਾਜਾ) ਕੋਲ। ਉਸਨੂੰ ਆਖਿਆ, "ਚੱਲ, ਉਥੇ ਜਾ ਕੇ ਆਈਏ। ਜਿਥੇ ਕੋਈ ਯਾਦਗਾਰ ਨਹੀਂ। ਫਿਰ ਵੀ ਲੋਕ ਇਕੱਠੇ ਹੁੰਦੇ ਨੇ।" ਉਸਨੇ ਕਿਹਾ, "ਪਿਤਾ ਜੀ, ਉਥੇ ਨੇੜੇ ਜਾਣ ਦੀ ਸਿਰਫ ੨੧ ਜੂਨ ਨੂੰ ਹੀ ਇਜਾਜ਼ਤ ਮਿਲਦੀ ਹੈ। ਉਹ ਵੀ ਤਾਂ ਹੀ ਮਜ਼ਾ ਹੈ ਜੇ ਸੂਰਜ ਦੀ ਪਹਿਲੀ ਕਿਰਨ ਉਥੇ ਹੀ ਜਾ ਕੇ ਦਿਸੇ।" ਮੈਂ ਕਿਹਾ, "ਕੋਈ ਨਹੀਂ। ਲੱਗੋ ਚਲਾਂਗੇ। ਜੇ ਨਾ ਗਏ ਤਾਂ ਉਤਸੁਕਤਾ ਬਣੀ ਰਹੇਗੀ।" ਅਸੀਂ ਪ੍ਰੋਗਰਾਮ ਸਿੱਥ ਕੇ ੨੧ ਤਰੀਕ ਅੰਮ੍ਰਿਤ ਵੇਲੇ ੧੨.੩੦ ਕੁ ਵਜੇ ਹੀ ਜਾਗ ਪਏ ਅਸੀਂ ਕੇਸੀ ਇਸ਼ਨਾਨ ਕੀਤਾ ਦੋਹਾਂ ਨੇ। ਨਿਤਨੇਮ ਦੀ ਅਰਦਾਸ ਕੀਤੀ ਤੇ ਚੁੱਪਚਾਪ ਕਾਰ ਵਿਚ ਬੈਠ ਕੇ ੧.੩੦ ਕੁ ਵਜੇ ਸਲੋਹ ਤੋਂ ਚਲ ਪਏ। ਉਸਨੇ ਗੱਡੀ ਤੇਜ਼ ਚਲਾ ਕੇ ਉਦੋਂ ਹੀ ਇਸ਼ਾਰਾ ਕੀਤਾ ਜਦੋਂ ੨.੩੦ ਕੁ ਵਜੇ ਸਟੋਨਹੈਂਜ (Stonehenge) ਦੀ ਪਾਰਕਿੰਗ ਆ ਗਈ। ਗੱਡੀ ਖੜ੍ਹੀ ਕੀਤੀ। ਉਸਨੇ ਨਿਤਨੇਮ ਸਮਾਪਤੀ ਦੀ ਅਰਦਾਸ ਕਰਕੇ ਕਿਹਾ, "ਮੈਂ ਕੁਛ ਦੇਰ ਸੌਵਾਂਗਾ।" ਕਾਰ ਦੀ ਸੀਟ ਦੀ ਢੋਅ ਪਿਛਾਂਹ ਨੂੰ ਸੁੱਟ ਕੇ ਲੰਮੇ ਪੈ ਕੇ ਉਸਨੇ ਠੌਂਕਾ ਲਾ ਲਿਆ। ਉਸਨੇ ਕੁਝ ਨੀਂਦ ਪੂਰੀ ਕੀਤੀ ਤੇ ੪.੧੦ ਵਜੇ ਤੇ ਅਸੀਂ ਗੱਡੀ ਬੰਦ ਕਰਕੇ ਪੈਦਲ ਤੁਰ ਪਏ, ਸਟੋਨਹੈਂਜ ਦੇ ਪੱਥਰਾਂ ਨੂੰ ਵੇਖਣ ਲਈ। ਅਜੇ ਹਨੇਰਾ ਹੀ ਸੀ। ਆਕਾਸ਼ ਵਿਚ ਤਾਰੇ ਟਿਮਟਮਾ ਰਹੇ ਸਨ। ਚੰਦਰਮਾ ਵੱਲ ਧਿਆਨ ਨਹੀਂ ਗਿਆ ਕਿ ਉਹ ਕਿੱਡਾ ਕੁ ਸੀ ਤੇ ਕਿਹੜੇ ਪਾਸੇ ਸੀ। ਸਾਡੇ ਸਾਹਮਣੇ ਚਾਨਣ ਸਿਰਫ ਉਹਨਾਂ ਲਾਈਟਾਂ ਦਾ ਸੀ ਜਿਹੜੀਆਂ ਪ੍ਰਬੰਧਕਾਂ ਨੇ ਪਾਈਪਾਂ ਗੱਡ ਕੇ ਲਾਈਆਂ ਸਨ। ਮੈਨੂੰ ਸਮਝ ਨਹੀਂ ਸੀ ਆਉਂਦਾ ਕਿ ਅਸੀਂ ਉਜਾੜ ਵਿਚ ਤੁਰਦਿਆਂ ਕਿਥੇ ਆ ਗਏ ਹਾਂ? ਪਾਰਕਿੰਗ ਵਾਲੀ ਥਾਂ ਵੀ ਲੱਗਦਾ ਸੀ ਜਿਵੇਂ ਇਕ ਦੋ ਦਿਨ ਪਹਿਲਾਂ ਹੀ ਬਣਾਈ ਹੋਵੇ। ਉਹ ਵੀ ਰਬੜ ਜਿਹੀ ਦੀਆਂ ਚਾਦਰਾਂ ਦੀ। ਮੈਂ ਅਜੀਤ ਨੇ ਪੁੱਛਿਆ, "ਰਾਜੇ ਇਥੇ ਕਿੰਨੀਆਂ ਕੁ ਗੱਡੀਆਂ ਖੜ੍ਹੀਆਂ ਕੀਤੀਆਂ ਜਾ ਸਕਦੀਆਂ ਹਨ?" ਉਸਨੇ ਦੂਰ ਤੱਕ ਵੇਖ ਕੇ ਦੱਸਿਆ, "ਪਿਤਾ ਜੀ, ੫੦੦੦ ਦਾ ਪ੍ਰਬੰਧ ਤਾਂ ਹੈ ਹੀ। ਵੱਧ ਵੀ ਹੋ ਸਕਦਾ ਹੈ। ਇਹ ਸਾਰੀ ਥਾਂ ਸਿਰਫ ਅੱਜ ਵਾਸਤੇ ਹੀ ਬਣਾਈ ਗਈ ਸੀ। ਪਹਿਲਾਂ ਵੀ, ਕੁਝ ਸੜਕ ਪੱਕੀ ਨਹੀਂ ਸੀ। ਉਹ ਵੀ ਇਸੇ ਤਰ੍ਹਾਂ ਹੀ ਅੱਜ ਦੀ ਲੋੜ ਵਾਸਤੇ ਬਣਾਈ ਹੋਈ ਸੀ। ਕੱਲ ਜਾ ਕੇ ਵੇਖਾਂਗੇ ਇਥੋਂ ਕੁਝ ਵੀ ਨਹੀਂ ਨਜ਼ਰ ਆਵੇਗਾ।" ਅਸੀਂ ਬੱਤੀਆਂ ਦੇ ਚਾਨਣ ਵਿਚ ਤੁਰੇ ਜਾ ਰਹੇ ਸੀ। ਉਸਨੇ ਮੇਰਾ ਹੱਥ ਫੜਿਆ ਹੋਇਆ ਸੀ। ਥਾਂ ਉਚੀ ਨੀਵੀਂ ਸੀ। ਉਂਜ ਕੁਝ ਚਿਰ ਪਹਿਲਾਂ ਹੀ ਕਣੀਆਂ ਪੈ ਕੇ ਹਟੀਆਂ ਹੋਣਗੀਆਂ, ਜਿਸ ਕਰਕੇ ਥਾਂ ਸਿੱਲ੍ਹੀ-ਸਿੱਲ੍ਹੀ ਸੀ। ਸਾਰਾ ਘਾਹ ਦਾ ਮੈਦਾਨ ਸੀ। ਘਾਹ ਵੀ ਬਹੁਤਾ ਉੱਚਾ ਨਹੀਂ ਸੀ। ਕਿੰਨੇ ਮੁਰਬਿਆਂ 'ਚ ਹੋਵੇਗਾ, ਕਿਹਾ ਨਹੀਂ ਜਾ ਸਕਦਾ। ਮੈਂ ਕੁਝ ਅਗਾਂਹ ਜਾ ਕੇ ਆਪਣੇ ਨਿਤਨੇਮ ਅਨੁਸਾਰ ਚੰਡੀ ਦੀ ਵਾਰ ਦਾ ਪਾਠ ਕੀਤਾ ਤੇ ਆਪਣੇ ਕਰਮ-ਧਰਮ ਤੋਂ ਵਿਹਲਾ ਹੋਇਆ। ਹੁਣ ਪੱਥਰਾਂ ਕੋਲ ਜਾਣ ਦੀ ਕਾਹਲੀ ਨਹੀਂ ਸੀ, ਕਿਉਂਕਿ ਬੱਦਲਵਾਈ ਹੋਣ ਕਰਕੇ ਸੂਰਜ ਨੇ ਨਜ਼ਰ ਹੀ ਨਹੀਂ ਸੀ ਆਉਣਾ। ਬੱਦਲ ਕਦੀ ਵੀ ਸੂਰਜ ਦੀ ਪੇਸ਼ ਨਹੀਂ ਜਾਣ ਦਿੰਦੇ। ਉਹ ਨਹੀਂ ਉਸਦੀ ਗਰਮੀ ਤੋਂ ਡਰਦੇ।

ਰਾਹ 'ਚ ਜਾਂਦਿਆ। ਕਈਆਂ ਨਾਲ ਹਾਏ, ਹੈਲੋ ਹੋ ਰਹੀ ਸੀ। ਉਹ ਹੱਥ ਮਿਲਾ ਕੇ ਪੁੱਛਦੇ, "How old are you? You man". ਮੈਂ ਹੱਸ ਕੇ ਜਵਾਬ ਦਿੰਦਾ, "ਸਿਰਫ 70 ਸਾਲ ਦਾ।" ਫਿਰ


namdhariElibrary namdhariElibrary@gmail

ਕਿਸੇ ਨੂੰ ਪੁੱਛਣ ਤੇ ਉਹ ਦੱਸਦਾ। ਮੈਂ U.S.A ਤੋਂ ਆਇਆ ਹਾਂ। ਕੋਈ ਕਹਿੰਦਾ ਮੈਂ ਪਾਕਿਸਤਾਨ ਤੋਂ ਕੋਈ ਚਿਲੀ ਤੋਂ। ਯੂ.ਕੇ. ਦੇ ਲੋਕ ਤਾਂ ਬਹੁਤੇ ਸਨ। ਇਹਨਾਂ ਵਿਚ ਬੱਚੇ, ਬੁੱਢੇ, ਜਵਾਨ, ਔਰਤਾਂ, ਮਰਦ ਸਭ ਸਨ। ਰੰਗ, ਨਸਲ, ਦੇਸ਼, ਧਰਮ, ਰਾਜਨੀਤੀ, ਸਥਾਪਤੀ, ਫਿਰਕਾ, ਕਿਸੇ ਨੂੰ ਪ੍ਰਦੂਸ਼ਿਤ ਨਹੀਂ ਸੀ ਕਰ ਰਿਹਾ। ਕਈ ਤਾਂ ਸੂਰਜ ਚੜ੍ਹਨ ਦਾ ਨਜ਼ਾਰਾ ਵੇਖਣ ਲਈ ਰਾਤੀਂ ਇਥੇ ਸੁੱਤੇ ਸਨ। ਪਰ ਵਿਚਾਰੇ ਨਿਰਾਸ਼ ਹੋਏ। ਭਾਵੇਂ ਜਿਉਂ-ਜਿਉਂ ਸੂਰਜ ਚੜ੍ਹ ਰਿਹਾ ਸੀ, ਘਾਹ ਦਾ ਹਰਾ ਰੰਗ ਨਜ਼ਰ ਆ ਰਿਹਾ ਸੀ। ਪੱਥਰਾਂ ਲਾਗੇ ਜਾ ਕੇ ਦਿਸਦਾ ਸੀ ਕਿ ਪੱਥਰ ਬਹੁਤ ਵੱਡੇ-ਵੱਡੇ ਸਨ। ਫਿਰ ਵੀ ਸਭ ਲੋਕ ਸਭ ਮਸਤ ਸਨ। ਸਭ ਨੇ ਪ੍ਰਬੰਧ ਕੀਤਾ ਹੋਇਆ ਸੀ ਕਿ ਜੇ ਮੀਂਹ ਪੈ ਜਾਏ, ਠੰਢ ਵੱਧ ਜਾਏ ਉਸਤੋਂ ਕਿਵੇਂ ਬਚਣਾ ਹੈ। ਛਤਰੀਆਂ ਤਾਂ ਆਮ ਸਨ।

ਹਰੇ ਰਾਮਾ ਹਰੇ ਕ੍ਰਿਸ਼ਨਾ ਦੇ ਪੈਰੋਕਾਰ ਗਾ ਰਹੇ ਸਨ। ਕਿਤੇ ਕੋਈ ਡਾਂਡੀ ਨਾਚ ਹੋ ਰਿਹਾ ਸੀ। ਕਿਤੇ ਨਿਹੰਗ ਦਰੀ ਵਿਛਾ ਕੇ ਤਬਲਾ ਵਾਜਾ ਖੋਲ੍ਹੀ ਬੈਠੇ ਸਨ। ਕੋਈ ਸਾਨੂੰ ਵੱਖਰੇ ਤਰ੍ਹਾਂ ਦੇ ਬਾਣੇ (ਨਾਮਧਾਰੀ ਬਾਣਾ) ਵਿਚ ਵੇਖ ਕੇ ਪੁੱਛ ਰਿਹਾ ਸੀ, "ਪਲੀਜ਼ ਤੁਹਾਡੇ ਨਾਲ ਫੋਟੋ ਖਿਚਵਾ ਲਵਾਂ।" ਅਸੀਂ ਮੁਸਕਰਾ ਕੇ ਹਾਂ ਕਰ ਰਹੇ ਸਾਂ। ਅਜੀਤ ਹੱਸ ਕੇ ਆਖਣ ਲੱਗਾ, "ਪਿਤਾ ਜੀ, ਪੌਂਡ ਕਮਾਈਏ।" ਮੈਂ ਪੁੱਛਿਆ, "ਉਹ ਕਿਵੇਂ?" ਇਹ ਕੈਮਰੇ ਵਾਲੇ ਸਾਨੂੰ ਫੋਟੋ ਖਿਚਾਉਣ ਦੇ ਪੈਸੇ ਦੇਣ ਨੂੰ ਵੀ ਤਿਆਰ ਹੋ ਜਾਣਗੇ। ਫਿਰ ਵੇਖਿਓ ਕਿੰਨੇ ਕੈਮਰੇ ਵਾਲੇ ਆਉਂਦੇ ਨੇ।" ਮੈਂ ਕਿਹਾ, "ਠੀਕ ਹੈ। ਪਰ ਪੌਂਡ ਇਹਨਾਂ ਵਿਚ ਹੀ ਸੁੱਟ ਕਰਕੇ ਜਾਈਂ।" ਤੇ ਉਹ ਹੱਸ ਪਿਆ।

ਅਸੀਂ ਵੇਖਿਆ ਕਈ ਕੁੜੀਆਂ ਮੁੰਡੇ ਪੱਥਰਾਂ ਨਾਲ ਲੱਗ ਕੇ ਫੋਟੋਆਂ ਖਿਚਵਾ ਰਹੇ ਸਨ। ਉਂਜ ਸਰਕਾਰ ਇਹਨਾਂ ਪੱਥਰਾਂ ਨੇ ਹੱਥ ਲਾਉਣ ਦੀ ਸਾਲ ਵਿਚ ਇਕ ਦਿਨ ਸਿਰਫ ੨੧ ਜੂਨ ਨੂੰ ਵੀ ਇਜਾਜ਼ਤ ਦਿੰਦੀ ਹੈ। ਉਸਤੋਂ ਅੱਗੇ ਪਿੱਛੇ ਨਹੀਂ। ਸਾਰੇ ਕੰਮ ਮਸਤੀ ਵਿਚ ਸਨ।

ਪਰ ਸਾਡੇ ਮੇਲਿਆਂ ਵਰਗਾ ਉਥੇ ਕੁਝ ਵੀ ਨਹੀਂ ਸੀ। ਨਾ ਕਿਸੇ ਦੀ ਮਜ਼ਾਰ ਸੀ, ਨਾ ਸਧਾਰਨ ਕਬਰ, ਨਾ ਕੋਈ ਮੰਦਰ, ਗੁਰਦੁਆਰਾ, ਗਿਰਜਾ, ਮਸੀਤ ਜਾਂ ਕੁਝ ਹੋਰ। ਤੇ ਨਾ ਹੀ ਦੁਕਾਨਾਂ ਦੀ ਭਰਮਾਰ ਸੀ। ਸਾਡੇ ਤਾਂ ਧਾਰਮਿਕ ਸਥਾਨਾਂ ਅੱਗੇ ਦੁਕਾਨਾਂ ਦਾ ਹੀ ਅੰਤ ਨਹੀਂ ਤੇ ਦੁਕਾਨਾਂ ਦੇ ਨਾਲ ਡੂਨਿਆਂ, ਪੱਤਲਾਂ, ਪੱਤਿਆ ਰਾਹੀਂ ਫੈਲਾਏ ਜਾਂਦੇ ਗੰਦ-ਮੰਦ ਦਾ ਤੇ ਚਿੱਕੜ ਦਾ ਵੀ ਅੰਤ ਨਹੀਂ ਹੁੰਦਾ। ਇਥੇ ਬਹੁਤੀਆਂ ਦੁਕਾਨਾਂ ਨਹੀਂ ਸਨ। ਥੋੜ੍ਹੀਆਂ ਜਿਹੀਆਂ ਦੁਕਾਨਾਂ ਜਿਥੋਂ ਕੁਝ ਖਾਣ ਪੀਣ ਦਾ ਸਮਾਨ ਮਿਲਦਾ ਸੀ। ਪਰ ਖਾ ਕੇ ਜੋ ਵੀ ਹੱਥ ਵਿਚ ਵਾਧੂ ਕਾਗਜ਼ ਬਚਦਾ ਹੈ ਜਾਂ ਪਲਾਸਟਿਕ ਦਾ ਗਿਲਾਸ ਆਦਿ ਉਸਨੂੰ ਤੁਸੀਂ ਕੂੜੇਦਾਨ ਵਿਚ ਪਾਉਣਾ ਹੈ ਜਿਸਨੂੰ ਉਹ ਬਿੰਨ (Bin) ਆਖਦੇ ਹਨ। ਕੋਈ ਕਿਵੇਂ ਫਿਰ ਕਿਹਾ ਹੈ, ਕਿਸੇ ਨੂੰ ਕੋਈ ਵਾਸਤਾ ਨਹੀਂ। ਜੇ ਜੀਅ ਕੀਤਾ ਤਾਂ ਹੱਸ ਕੇ ਗੱਲ ਕਰ ਲਈ। ਖਲੋ ਗਏ ਨਹੀਂ ਤਾਂ ਤੁਰਦੇ ਫਿਰਦੇ ਰਹੇ। ਮੁਰਬਿਆਂ ਵਿਚ ਥਾਂ ਸੀ। ਫਿਰ ਤੁਰ ਕੇ ਆਪੇ ਲੋਕ ੭ ਕੁ ਵਜੇ ਵਾਪਸ ਘਰਾਂ ਨੂੰ ਮੁੜਨ ਲੱਗਦੇ ਸਨ।

ਸਟੋਨਹੈਂਜ ਪੂਰਵ ਇਤਿਹਾਸਿਕ ਕਾਲ ਦੀ ਨਿਸ਼ਾਨੀ ਹੈ ਇਹ ਥਾਂ ਇੰਗਲੈਂਡ ਵਿਚ ਐਮਜ਼ਬਰੀ ਤੋਂ ੨ ਮੀਲ ਪੱਛਮ ਵੱਲ ਅਤੇ ਸੈਲਿਸਬਰੀ ਤੋਂ ੮ ਮੀਲ ਉੱਤਰ ਵਿਚ ਹੈ। ਇਥੇ ਜਾਣ ਵਾਸਤੇ ੨ ਵੱਡੀਆਂ ਸੜਕਾਂ ਹਨ। ਇਕ ਦਾ ਨੰਬਰ A344 ਹੈ ਅਤੇ ਦੂਜੇ ਦਾ A303 ਉਹ ਪਹਿਲੀ ਉੱਤਰ ਵੱਲ ਸ਼ਰੂਟਨ ਨੂੰ ਅਤੇ ਦੂਜੀ ਦੱਖਣ ਵਲ ਇੰਟਰਬਰਨ ਸਟੋਕ ਨੂੰ ਲੰਘ ਜਾਂਦੀ ਹੈ। ਇਹ ਯਾਦਗਾਰ ਪੱਥਰ ਅਤੇ ਤਾਂਬੇ ਦੇ ਯੁੱਗ ਵਿਚਲੇ ਸਮੇਂ ਦੀ ਸਮਝੀ ਜਾਂਦੀ ਹੈ ਭਾਵ ੫੦੦੦ ਸਾਲ ਪੁਰਾਣੀ ਹੈ। ਯੂਨੈਸਕੋ ਨੇ ਇਸ ਨੂੰ ਸੰਸਾਰ ਦੀਆਂ ਵਿਰਾਸਤੀ ਥਾਵਾਂ ਵਿਚ ਗਿਣਿਆ ਹੈ। ਇਸਦਾ ਥਾਂ ਇੰਗਲੈਂਡ ਦੀਆਂ ਕਾਨੂੰਨੀ ਤੌਰ ਤੇ ਬਚਾਈਆਂ ਸੂਚੀਬੱਧ, ਯਾਦਗਾਰਾਂ ਵਿਚੋਂ ਹੈ। ਜਿਸਦੀ ਮਾਲਕ ਇੰਗਲੈਂਡ ਦੀ ਸਰਕਾਰ ਹੈ ਅਤੇ ਜਿਸਦਾ ਪ੍ਰਬੰਧ English Heritage (ਇੰਗਲਿਸ਼ ਹੈਰੀਟੇਜ) ਕਰਦੀ ਹੈ, ਇਕ ਨੈਸ਼ਨਲ ਟਰੱਸਟ (National Trust) ਰਾਹੀਂ। ਕੁਦਰਤੀ ਹੈ, ਉਹ ਪ੍ਰਬੰਧ ਕਰਨ ਵਾਲੇ ਲੋੜ ਅਨੁਸਾਰ ਬਿਜਲੀ, ਪਾਣੀ, ਸੜਕ, ਪੁਲਿਸ ਦੇ ਮਹਿਕਮਿਆਂ ਦੇ ਅਧਿਕਾਰੀਆਂ ਦੀ ਮਦਦ ਵੀ ਲੈਂਦੇ ਹਨ।

ਪੁਰਾਤਤਵ ਵਿਭਾਗ ਦੀਆਂ ਇਹ ਮਿਸਾਲਾਂ ਵੀ ਮਿਲਦੀਆਂ ਹਨ ਕਿ ਇਹ ਦਰਿਆ ਦੇ ਕੰਢੇ ਦੀ ਥਾਂ ਸੀ। ਇਥੇ ਮੁਰਦਿਆਂ ਦਾ ਸਸਕਾਰ ਕੀਤਾ ਜਾਂਦਾ ਸੀ ਜਾਂ ਦਫਨਾਏ ਜਾਂਦੇ ਸਨ। ਮਤਲਬ ਇਹ ਸਮਸ਼ਾਨ ਭੂਮੀ ਜਾਂ ਕਬਰਸਤਾਨ ਸੀ। ਇਥੋਂ ਪੁੱਟਿਆਂ ੫੦੦੦ ਸਾਲ ਪੁਰਾਣੀਆਂ ਮਨੁੱਖੀ ਹੱਡੀਆਂ ਵੀ ਮਿਲੀਆਂ ਹਨ।

ਇਹ ਥਾਂ ਧਾਰਮਿਕ ਮਹਾਨਤਾ ਵਾਲਾ ਥਾਂ ਵੀ ਰਿਹਾ ਹੈ। ਨਿਓ ਡਰੂਡਰਾਈ (Neo-druidry) ਪੰਥ ਨੂੰ ਮੰਨਣ ਵਾਲੇ ਇਥੇ ਤੀਰਥ ਯਾਤਰਾ ਲਈ ਆਉਂਦੇ ਰਹੇ ਹਨ।

ਇਸ ਥਾਂ ਤੇ ਡੂੰਘਾ ਪੁੱਟ ਕੇ ਗੋਲ ਦਾਇਰੇ ਵਿਚ ਉਚੇ-ਉਚੇ ਪੱਥਰ ਗੱਡੇ ਗਏ ਹਨ। ਜਿਨ੍ਹਾਂ ਦਾ ਘੇਰਾ ੩੬੦ ਫੁੱਟ ਬਣਦਾ ਹੈ। ਪੱਥਰ ਵੀ ਬਹੁਤ ਭਾਰੇ। ਜਿਹੜੇ ੪.੧ ਮੀਟਰ ਉਚੇ ੨.੧ ਮੀਟਰ ਚੌੜੇ ਹਨ। ਹਰ ਇਕ ਦਾ ਭਾਰ ਲਗਭਗ ੫੦ ਟਨ ਹੈ। ਇਹ ੭ ਫੁੱਟ ਧਰਤੀ 'ਚ


NamdhariElibrary NamdhariElibrary@gmail.com

ਗੱਡੇ ਹੋਏ ਹਨ। ਦੋਹਾਂ ਖੜ੍ਹੇ ਪੱਥਰਾਂ ਦੇ ਵਿਚ ਵਿੱਥ ਰੱਖੀ ਗਈ ਹੈ। ਜਿਸ ਕਰਕੇ ੬੦ ਪੱਥਰ ਲੱਗੇ ਹਨ। ਨਹੀਂ ਤਾਂ ੭੫ ਪੱਥਰ ਲੱਗਦੇ। ਪੱਥਰਾਂ ਦੀ ਔਸਤ ਮੋਟਾਈ ੧.੧ ਮੀਟਰ ਹੈ ਤੇ ਔਸਤ ਵਿਚ ੧ ਮੀਟਰ ਹੈ। ਇਹ ਪੱਥਰ ਖੜੇ ਕਰਕੇ ਇਹਨਾਂ ਉੱਤੇ ਛੱਤ ਪਾਈ ਗਈ। ਉਹ ਵੀ ਪੱਥਰਾਂ ਦੀ, ਲੈਂਟਰ ਵਾਂਗ। ਹਰ ਪੱਥਰ ੩.੨ ਮੀਟਰ ਲੰਮਾ, ੧ ਮੀ. ਚੌੜਾ, ੦.੮ ਮੀਟਰ ਮੋਟਾ ਹੈ। ਧਰਤੀ ਤੋਂ ਛੱਤ ਤੱਕ ਲੈਂਟਰਾਂ ਦੀ ਉਚਾਈ ੪.੯ ਮੀਟਰ ਬਣਦੀ ਹੈ। ਇਹਨਾਂ ਦੀ ਸ਼ਕਲ ਨਾਲ ਵਰਗੀ ਹੈ। ਨਾਲ ਜਿਹੜੀ ਘੋੜੇ ਦੇ ਖੁਰਾਂ ਉੱਤੇ ਲਾਈ ਜਾਂਦੀ ਹੈ। ਪੁਰਾਣੇ ਸਮੇਂ ਇਹ ਉਥੇ ਵਗਦੇ ਏਵਨ ਦਰਿਆ ਦੇ ਇਕ ਪਾਸੇ ਸੀ। ਦੂਜੇ ਪਾਸੇ ਇਸ ਤੋਂ ੨ ਮੀਲ ਦੂਰ ਇਕ ਲੱਕੜ ਦਾ ਘੇਰਾ ਦੱਸਿਆ ਜਾਂਦਾ ਹੈ। ਪਰੰਪਰਾ ਅਨੁਸਾਰ ਸਟੋਨਹੈਂਜ ਨੂੰ ਮੌਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਅਤੇ ਲੱਕੜ ਦੇ ਇਸ ਤਰ੍ਹਾਂ ਦੇ ਬਣੇ ਘੇਰੇ ਜ਼ਿੰਦਗੀ ਦਾ ਪ੍ਰਤੀਕ ਇਹ ਜ਼ਿੰਦਗੀ ਮੌਤ ਵਿਚਲਾ ਸਫ਼ਰ ਹੈ।

ਸਟੋਨਹੈਂਜ ਬਾਰੇ ਇਕ ਲੋਕ ਕਥਾ ਪ੍ਰਚਲਿਤ ਹੈ। ਕਿ ਸ਼ੈਤਾਨ (Devil) ਨੇ ਇਹ ਪੱਥਰ ਆਇਰਲੈਂਡ ਦੀ ਇਕ ਜਨਾਨੀ ਕੋਲੋਂ ਲਿਆਂਦੇ ਸਨ। ਉਹਨਾਂ ਨੂੰ ਵਲ੍ਹੇਟ ਕੇ, ਬੰਨ੍ਹ ਕੇ, ਜਦੋਂ ਚੁੱਕ ਕੇ ਲਿਆ ਰਿਹਾ ਸੀ ਤਾਂ ਇਕ ਪੱਥਰ ਸੈਲਸਬਰੀ ਦੇ ਮੈਦਾਨ ਕੋਲ ਏਵਨ ਦੇ ਦਰਿਆ ਵਿਚ ਡਿੱਗਦੇ ਪਿਆ। ਸ਼ੈਤਾਨ ਚੀਕਿਆ, "ਕਿਸੇ ਨੂੰ ਪਤਾ ਨਹੀਂ ਲੱਗੇਗਾ। ਇਹ ਪੱਥਰ ਇਥੇ ਕਿਵੇਂ ਆਏ?" ਫਰੇਅਰ (Frair) ਨੇ ਜਵਾਬ ਦਿੱਤਾ, "ਇਹ ਤੂੰ ਸੋਚਦਾ ਏਂ।"

ਇਸ ਬਾਰੇ ਇਹ ਗੱਲ ਪ੍ਰਚਲਿਤ ਹੈ ਕਿ ਡਰੂਡਗਈ ਧਰਮ ਨੂੰ ਮੰਨਣ ਵਾਲੇ ਲੰਮੇ ਸਮੇਂ ਤੱਕ ਇਥੇ ਪੂਜਾ ਕਰਦੇ ਰਹੇ। ਪਰ ਉਸਨੂੰ ਠੀਕ ਨਾ ਸਮਝਦਿਆਂ ਇਥੇ ਪੂਜਾ ਪਾਠ ਬੰਦ ਕਰਾ ਦਿੱਤਾ ਗਿਆ। ਆਉਣਾ ਜਾਣਾ ਵੀ ਬੰਦ ਕਰ ਦਿੱਤਾ ਗਿਆ। ੧੯੭੨ ਵਿਚ ਜਦੋਂ ਆਉਣ ਜਾਣ ਦੀ ਖੁੱਲ ਮਿਲੀ ਹਰ ਕੋਈ ਪੱਥਰਾਂ ਨੂੰ ਹੱਥ ਲਾ ਸਕਦਾ ਸੀ। ਉਹਨਾਂ ਨੇੜੇ ਤੁਰ ਸਕਦਾ ਸੀ। ਉਹਨਾਂ ਦੇ ਉਤੇ ਚੜ੍ਹ ਸਕਦਾ ਸੀ। ਪਰ ਇਸ ਨਾਲ ਇਸ ਪੂਰਵ-ਇਤਿਹਾਸਿਕ ਕਾਲ ਦੀ ਯਾਦਗਾਰ ਦਾ ਨੁਕਸਾਨ ਹੋਣ ਲੱਗਾ। ਹੁਣ ਸਿਰਫ ੨੧ ਜੂਨ ਨੂੰ ਹੀ ਇਥੇ ਆਉਣ ਜਾਣ ਦੀ ਇਜਾਜ਼ਤ ਹੈ। ਕੋਈ ਧਾਰਮਿਕ ਪੂਜਾ ਪਾਠ ਲੁੱਕ ਛੁਪ ਕੇ ਕਰਦੇ ਹਨ, ਪਰ ਸ਼ਾਹਦੀ ਨਹੀਂ। ਫਿਰ ਵੀ ਇਹ ਥਾਂ ਲੋਕਾਂ ਦੀ ਖਿੱਚ ਦਾ ਕੇਂਦਰ ਹੈ ਕਿ ਦੇਸਾਂ ਪ੍ਰਦੇਸਾਂ ਤੋਂ ਆਏ ਲੋਕ ਆਪਣੀ ਨੀਂਦ ਦੀ ਪ੍ਰਵਾਹ ਨਾ ਕਰਦਿਆਂ ਏਥੇ ਪਹੁੰਚਦੇ ਹਨ। ਇਹੀ ਵਿਲੱਖਣ ਤੇ ਵਧੀਆ ਗੱਲ ਹੈ ਅਤੇ ਇੰਗਲੈਂਡ ਵਾਸਤੇ ਐਹੋ ਜਿਹੀ ਥਾਂ ਦੀ ਸੰਭਾਲ ਕਰਨੀ ਹੋਰ ਵਧੀਆ ਗੱਲ ਹੈ।

*ਫੋਨ-੯੧੪੬੫-੨੪੫੯੭*

## ਜੰਗ ਅਤੇ ਸ਼ਾਂਤੀ

ਸ਼ਾਂਤੀ ਸਮਾਨ ਕੋਈ ਦੂਜੀ ਤਪਸਿਆ ਨਹੀਂ , ਸਬਰ ਤੋਂ ਵਧਕੇ ਕੋਈ ਸੁੱਖ ਨਹੀਂ, ਲਾਲਚ ਤੋਂ ਵੱਡਾ ਕੋਈ ਰੋਗ ਨਹੀਂ ਦਯਾ ਬਰਾਬਰ ਕੋਈ ਧਰਮ ਨਹੀਂ।

*-ਚਾਣਕਯ*

ਮੈਂ ਸਭ ਤੋਂ ਅਣਉਚਿਤ ਸ਼ਾਂਤੀ ਨੂੰ ਸਭ ਤੋਂ ਉਚਿਤ ਜੰਗ ਨਾਲੋਂ ਤਰਜੀਹ ਦਿੰਦਾ ਹਾਂ।

*-ਸਿਸਰੋ ਲੈਟਰਜ਼ ਟੂ ਅਟਿਕਸ*

ਜੇਕਰ ਆਪਣੇ ਅੰਦਰ ਸ਼ਾਂਤੀ ਮਿਲ ਗਈ ਤਾਂ ਸਾਰਾ ਸੰਸਾਰ ਹੀ ਸ਼ਾਂਤ ਪ੍ਰਤੀਤ ਹੁੰਦਾ ਹੈ।

*-ਯੋਗ ਵਸ਼ਿਸ਼ਟ*

ਜੀਵਨ ਇਕ ਪਵਿੱਤਰ ਅਤੇ ਅਮੁੱਲ ਵਰਦਾਨ ਹੈ, ਪਰ ਫਿਰ ਵੀ ਮਨੁੱਖ ਇਕ ਦੂਜੇ ਨਾਲ ਇਸ ਤਰ੍ਹਾਂ ਲੜਦੇ ਹਨ ਜਿਵੇਂ ਚੀਤੇ ਅਤੇ ਬਘਿਆੜ ਵੀ ਨਹੀਂ ਲੜਦੇ। ਅਸੀਂ ਜੰਗ ਨੂੰ ਹੈਵਾਨੀ ਕਹਿੰਦੇ ਹਾਂ ਪਰ ਕੋਈ ਵੀ ਹੈਵਾਨ ਮਨੁੱਖ ਜਿਤਨਾ ਜ਼ਾਲਿਮ ਅਤੇ ਝਗੜਾਲੂ ਨਹੀਂ ਹੁੰਦਾ।

*-ਲਾਲਾ ਹਰਦਿਆਲ ਹਿੰਟਸ ਫਾਰ ਸੈਲਫ ਕਲਚਰ*

ਅਸੀਂ ਜੰਗ ਦੇ ਖਾਤਮੇ ਦੇ ਮੁੱਦਈ ਹਾਂ ਅਤੇ ਅਸੀਂ ਜੰਗ ਨਹੀਂ ਚਾਹੁੰਦੇ, ਪਰੰਤੂ ਜੰਗ ਨੂੰ ਜੰਗ ਦੁਆਰਾ ਹੀ ਖਤਮ ਕੀਤਾ ਜਾ ਸਕਦਾ ਹੈ। ਬੰਦੂਕ ਤੋਂ ਛੁਟਕਾਰਾ ਪਾਉਣ ਲਈ ਬੰਦੂਕ ਚੁੱਕਣੀ ਜ਼ਰੂਰੀ ਹੁੰਦੀ ਹੈ।

*-ਮਾਓ-ਸੇ-ਤੁੰਗ ਸਿਲੈਕਟਿਡ ਵਰਕਸ*

ਜਿਵੇਂ ਹਵਾਵਾਂ ਸਮੁੰਦਰ ਨੂੰ ਲੰਬੀ ਖੜੋਤ ਕਰਕੇ ਆਈ ਬੱਦਬੂ ਤੋਂ ਬਚਾਉਂਦੀਆਂ ਹਨ ਉਵੇਂ ਯੁੱਧ ਦੇਸ਼ਾਂ ਨੂੰ ਭ੍ਰਿਸ਼ਟਾਚਾਰ ਅਤੇ ਦੂਸਰੀਆਂ ਬੁਰਾਈਆਂ ਤੋਂ ਬਚਾਉਂਦੇ ਹਨ।

*-ਹੇਗਲ*

ਜੇਕਰ ਤੁਸੀਂ ਅਮਨ ਚਾਹੁੰਦੇ ਹੋ ਤਾਂ ਜੰਗ ਲਈ ਤਿਆਰ ਹੋ ਜਾਓ।

*-ਨੈਪੋਲੀਅਨ*

ਸ਼ਾਂਤੀ ਦੀਆਂ ਜਿੱਤਾਂ ਜੰਗ ਦੀਆਂ ਜਿੱਤਾਂ ਨਾਲੋਂ ਘੱਟ ਮਹੱਤਵਪੂਰਨ ਨਹੀਂ ਹੁੰਦੀਆਂ।

*-ਜਾਹਨ ਮਿਲਟਨ*

*ਸਾਨੇਟ ਟੂ ਦਿ ਲਾਰਡ ਜਨਰਲ, ਕਾਮਵੈੱਲ*

Namdhari Elibrary NamdhariElibrary@gmail.com

# ਖ਼ਬਰਨਾਮਾ

## ਡਿਪਟੀ ਕਮਿਸ਼ਨਰ ਪਟਿਆਲਾ ਵੱਲੋਂ 'ਬਾਲ ਪ੍ਰੀਤ' ਰਸਾਲੇ ਦਾ ੧੨ਵਾਂ ਵਿਸ਼ੇਸ਼ ਅੰਕ ਜਾਰੀ

ਪਟਿਆਲਾ, ੧੭ ਜਨਵਰੀ: ਬੱਚਿਆਂ ਵਿੱਚ ਰਚਨਾਤਮਕ ਰੁਚੀਆਂ ਪੈਦਾ ਕਰਕੇ ਮਿਆਰੀ ਸਾਹਿਤ ਨਾਲ ਜੋੜਨ ਲਈ ਜ਼ਿਲ੍ਹਾ ਬਾਲ ਭਲਾਈ ਕੌਂਸਲ ਪਟਿਆਲਾ ਦੇ ਪ੍ਰਬੰਧਾਂ ਹੇਠ ਪ੍ਰਕਾਸ਼ਿਤ ਹੁੰਦੇ ਦੋ-ਮਾਸਿਕ ਬਾਲ ਰਸਾਲੇ 'ਬਾਲ ਪ੍ਰੀਤ' ਦੇ 12ਵੇਂ ਵਿਸ਼ੇਸ਼ ਅੰਕ ਨੂੰ ਕੌਂਸਲ ਦੇ ਸਰਪ੍ਰਸਤ-ਕਮ-ਡਿਪਟੀ ਕਮਿਸ਼ਨਰ ਸ਼੍ਰੀ ਵਰੁਣ ਰੂਜਮ ਵੱਲੋਂ ਜਾਰੀ ਕੀਤਾ ਗਿਆ। ਇਸ ਮੌਕੇ ਸ਼੍ਰੀ ਰੂਜਮ ਨੇ ਕਿਹਾ ਕਿ ਸਕੂਲੀ ਵਿਦਿਆਰਥੀਆਂ ਵੱਲੋਂ ਇਸ ਰਸਾਲੇ ਨੂੰ ਵਿਸ਼ੇਸ਼ ਹੁੰਗਾਰਾ ਦਿੱਤਾ ਜਾ ਰਿਹਾ ਹੈ ਅਤੇ ਹਰੇਕ ਅੰਕ ਵਿੱਚ ਵੱਖ-ਵੱਖ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਵੱਡੀ ਗਿਣਤੀ ਵਿਦਿਆਰਥੀਆਂ ਦੀਆਂ ਰਚਨਾਵਾਂ ਅਤੇ ਚਿੱਤਰਾਂ ਦਾ ਪ੍ਰਕਾਸ਼ਿਤ ਹੋਣਾ, ਬੱਚਿਆਂ ਦੇ ਮਨਾਂ 'ਚ ਸਾਹਿਤ ਸਿਰਜਣਾ ਪ੍ਰਤੀ ਪੈਦਾ ਹੋ ਰਹੀ ਦਿਲਚਸਪੀ ਭਵਿੱਖ ਵਿੱਚ ਸਾਰਥਕ ਨਤੀਜੇ ਸਾਹਮਣੇ ਲਿਆਵੇਗੀ। ਉਨ੍ਹਾਂ ਕਿਹਾ ਕਿ ਬੱਚੇ ਸਾਡਾ ਭਵਿੱਖ ਅਤੇ ਕੌਮ ਦਾ ਖਜ਼ਾਨਾ ਹਨ ਇਸ ਲਈ ਇਨ੍ਹਾਂ ਨੂੰ ਮਿਆਰੀ ਸਾਹਿਤ ਨਾਲ ਜੋੜਨਾ ਸਮੇਂ ਦੀ ਅਹਿਮ ਲੋੜ ਹੈ ਅਤੇ ਜ਼ਿਲ੍ਹਾ ਬਾਲ ਭਲਾਈ ਕੌਂਸਲ ਦੇ ਇਸ ਉਪਰਾਲੇ ਨੂੰ ਲਗਾਤਾਰ ਜਾਰੀ ਰੱਖਣ ਦੇ ਨਾਲ-ਨਾਲ ਇਸ ਦੇ ਦਾਇਰੇ ਨੂੰ ਹੋਰ ਵਿਆਪਕ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ 'ਨਵੀਆਂ ਸੋਚਾਂ, ਦ੍ਰਿੜ ਇਰਾਦੇ' ਸਿਰਲੇਖ ਹੇਠ ਪ੍ਰਕਾਸ਼ਿਤ ਹੋਏ 'ਬਾਲ ਪ੍ਰੀਤ' ਦਾ ਇਸ ਅੰਕ ਵਿੱਚ ਬੱਚਿਆਂ ਨੇ ਆਪਣੀ ਸੋਚ ਸ਼ਕਤੀ ਨਾਲ ਵੱਡੀਆਂ ਕਾਲਪਨਿਕ ਉਡਾਰੀਆਂ ਮਾਰੀਆਂ ਹਨ ਜੋ ਸ਼ਲਾਘਾਯੋਗ ਹਨ। ਇਸ



ਮੌਕੇ ਸ਼੍ਰੀ ਰੂਜਮ ਵੱਲੋਂ ਰਸਾਲੇ ਲਈ ਖ਼ੂਬਸੂਰਤ ਚਿੱਤਰ ਬਣਾਉਣ ਵਾਲੇ ਸੱਤ ਬੱਚਿਆਂ ਨਰਿੰਦਰ ਕੌਰ ਅਜਰਾਵਰ, ਹਰਸਿਮਰਨ ਬਾਵਾ, ਸਿਮਰਨਜੀਤ ਕੌਰ, ਅਮਨਦੀਪ ਕੌਰ, ਜਸਪ੍ਰੀਤ ਕੌਰ, ਜਸ਼ਨਪ੍ਰੀਤ ਕੌਰ, ਗੁਰਵਿੰਦਰ ਸਿੰਘ ਨੂੰ ਨਗਦ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਆਸ ਪ੍ਰਗਟਾਈ ਕਿ ਮੁਕਾਬਲਿਆਂ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀ ਭਵਿੱਖ ਵਿੱਚ ਜ਼ਿਲ੍ਹੇ ਤੇ ਸੂਬੇ ਦਾ ਨਾਮ ਰੌਸ਼ਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਇਸ ਮੌਕੇ ਸਹਾਇਕ ਕਮਿਸ਼ਨਰ ਸ਼ਿਕਾਇਤਾਂ ਡਾ. ਸਿਮਰਪ੍ਰੀਤ ਕੌਰ, ਰਸਾਲੇ ਦੇ ਆਨਰੇਰੀ ਸੰਪਾਦਕ ਡਾ. ਦਰਸ਼ਨ ਸਿੰਘ ਆਸ਼ਟ, ਡਿਪਟੀ ਮੈਡੀਕਲ ਸੁਪਰਡੈਂਟ ਡਾ. ਹਰਸ਼ਿੰਦਰ ਕੌਰ, ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸ. ਜਰਨੈਲ ਸਿੰਘ ਕਾਲੇਕੇ, ਡਾ. ਰਾਜਵੰਤ ਕੌਰ ਪੰਜਾਬੀ, ਡਾ. ਪ੍ਰਿਤਪਾਲ ਸਿੰਘ ਸਿੱਧੂ, ਸ. ਸਤਪਾਲ ਸਿੰਘ ਬਲਾਸੀ ਵੀ ਹਾਜ਼ਰ ਸਨ।

## ਸੀਚੇਵਾਲਵੀ ਦੀ ਪੁਸਤਕ "ਘੜੀਐ ਸ਼ਬਦ ਸਚੀ ਟਕਸਾਲ" ਲੋਕ ਅਰਪਣ



ਜਲੰਧਰ, ੧੬ ਜਨਵਰੀ-ਪੰਜਾਬੀ ਮਾਂ ਦੇ ਹਰ ਸੱਚੇ ਸਪੂਤ ਦਾ ਫ਼ਰਜ਼ ਹੈ ਕਿ ਉਹ ਆਪਣੇ ਜੀਵਨ ਦੇ ਹਰ ਖੇਤਰ ਵਿਚ ਬੋਲ ਚਾਲ, ਕੰਮ ਕਾਜ ਵਿਚ ਪੰਜਾਬੀ ਮਾਂ ਬੋਲੀ ਨੂੰ ਆਪਣਾਏ। ਆਪਣੇ ਵਿਰਸੇ ਨੂੰ ਸੰਭਾਲਣ ਵਾਲੀਆਂ ਕੌਮਾਂ ਹੀ ਜ਼ਿੰਦਾ ਰਹਿੰਦੀਆਂ ਹਨ। ਇਹ ਨਾਅਰਾ ਠੀਕ ਹੈ ਕਿ "ਮਾਂ ਬੋਲੀ ਜੇ ਭੁੱਲ ਜਾਉਗੇ, ਕੱਖਾਂ ਵਾਂਗੂੰ ਰੁਲ ਜਾਉਗੇ।" ਇਹ ਵਿਚਾਰ ਪ੍ਰਸਿਧ ਪੰਜਾਬੀ ਚਿੰਤਕ ਦੀਪਕ ਬਾਲੀ ਨੇ ਪੰਜਾਬੀ ਲਿਖਾਰੀ ਸਭਾ ਦੀ

NamdhariElibrary@gmail.com

੧੫ ਨੂੰ ਹੋਈ ਵਿਸ਼ੇਸ਼ ਬੈਠਕ ਵਿਚ ਕਹੇ। ਇਸ ਅਵਸਰ ਤੇ ਸ਼ਾਇਰ ਚਰਨ ਸੀਚੇਵਾਲਵੀ ਦਾ ਕਾਵਿ-ਸੰਗ੍ਰਹਿ "ਘੜੀਐ ਸ਼ਬਦ ਸਚੀ ਟਕਸਾਲ" ਪ੍ਰਧਾਨਗੀ ਮੰਡਲ ਵਲੋਂ ਸਾਂਝੇ ਤੌਰ ਤੇ ਲੋਕ ਅਰਪਣ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਸੰਤ ਸੁਖਜੀਤ ਸਿੰਘ ਸੀਚੇਵਾਲ, ਦੀਪਕ ਬਾਲੀ, ਹਰਦੀਪ ਸਿੰਘ ਸਰਪੰਚ ਪਿੰਡ ਸਿਆਲ ਤੇ ਸਭਾ ਦੇ ਪ੍ਰਧਾਨ ਬੇਅੰਤ ਸਿੰਘ ਸਰਹੱਦੀ ਸੁਸ਼ੋਭਤ ਸਨ। ਸੰਤ ਸੁਖਜੀਤ ਸਿੰਘ ਹੁਰਾਂ ਨੇ ਸਭਾ ਵਲੋਂ ਪੰਜਾਬੀ ਮਾਂ ਬੋਲੀ ਦੀ ਉਨਤੀ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਪੁਸਤਕ ਬਾਰੇ ਡਾ. ਰਾਮ ਮੂਰਤੀ ਨੇ ਖੋਜ ਭਰਪੂਰ ਪੇਪਰ ਪੜ੍ਹਿਆ। ਉਨ੍ਹਾਂ ਕਿਹਾ ਕਿ ਕਿਤਾਬਾਂ ਪੜ੍ਹ ਲੈਣ ਨਾਲ ਗਿਆਨ ਨਹੀਂ ਮਿਲਦਾ, ਆਮ ਜਾਣਕਾਰੀ ਪ੍ਰਾਪਤ ਹੁੰਦੀ ਹੈ। ਸ਼ਬਦ ਨਾਲ ਸੁਰਤ ਜੁੜਿਆਂ ਗਿਆਨ ਪ੍ਰਾਪਤ ਹੁੰਦਾ ਹੈ। ਬੁਲਾਰਿਆਂ ਨੇ ਸੀਚੇਵਾਲ ਦੀ ਸ਼ਾਇਰੀ ਦੀ ਭਰਪੂਰ ਸ਼ਲਾਘਾ ਕੀਤੀ। ਪਹਿਲਾਂ ਕਵੀ ਦਰਬਾਰ ਦਾ ਦੌਰ ਚਲਿਆ ਜਿਸ ਵਿਚ ਗੁਰਦੀਪ ਸਿੰਘ ਔਲਖ, ਡਾ. ਮੈਡਮ ਬਿੰਦੂ, ਅਨੇਜਾ, ਇਨਸਾਫ਼, ਪ੍ਰਿੰਸੀਪਲ ਅਕਸ, ਇੰਜੀਨੀਅਰ ਸੰਧੂ, ਪਰਮਦਾਸ ਹੀਰ, ਚਰਨ ਸੀਚੇਵਾਲਵੀ, ਸਨੇਹੀ, ਸਾਖੀ, ਬੱਚੀ ਮੁਖਵੀਰ ਕੌਰ, ਆਸ਼ੀ ਈਸ਼ਪੁਰੀ, ਸੁਜਾਨ, ਸੁਰਜੀਤ ਕੌਰ, ਏ.ਪੀ. ਸਿੰਘ ਭੱਲਾ, ਸੰਗਤ ਰਾਮ ਨੇ ਕਵਿਤਾਵਾਂ ਤੇ ਗੀਤ ਪੇਸ਼ ਕੀਤੇ। ਸੀਚੇਵਾਲਵੀ, ਡਾ. ਮੂਰਤੀ, ਦੀਪਕ ਬਾਲੀ ਤੇ ਸੰਤ ਸੁਖਜੀਤ ਸਿੰਘ ਹੁਰਾਂ ਨੂੰ ਸਭਾ ਵਲੋਂ ਸੀਨੀਅਰ ਮੀਤ ਪ੍ਰਧਾਨ ਹਰਦੀਪ ਸਿੰਘ ਸਰਪੰਚ ਨੇ ਸਿਰੋਪਾਉ ਦੇ ਕੇ ਸਨਮਾਨਤ ਕੀਤਾ। ਗ਼ਜ਼ਲਗੋ ਡੀ. ਆਰ. ਧਵਨ ਦੀ ਮੌਤ ਤੇ ਮਾਤਮੀ ਮਤਾ ਪਾਸ ਕੀਤਾ ਗਿਆ। ਲਖਵਿੰਦਰ ਖਹਿਰਾ, ਮਨਦੀਪ ਸਿੰਘ ਰਾਜਾ (ਕਾਰ ਬਜ਼ਾਰ ਵਾਲੇ) ਭਗਵਾਨ ਸਿੰਘ ਉਜਾਲਾ, ਸਰੋਏ, ਜਿਗਰਪ੍ਰੀਤ ਸਿੰਘ, ਪਰਮਜੀਤ ਸਿੰਘ ਕਾਲੜਾ, ਹਰਜਿੰਦਰ ਸਿੰਘ, ਚਰਨਜੀਤ ਸਿੰਘ ਲੁਬਾਣਾ, ਇਕਬਾਲ ਸਿੰਘ, ਜਸਵਿੰਦਰ ਸਿੰਘ (ਖ਼ਾਲਸਾ ਕਾਲਜ), ਗੁਲਸ਼ਨ ਮਿਰਜ਼ਾਪੁਰੀ, ਹਰਜਿੰਦਰ ਕੌਰ, ਗੁਰਮਿੰਦਰ ਕੌਰ, ਡਾ. ਜਗਜੀਤ ਸਿੰਘ ਮਾਨ, ਜਸਵਿੰਦਰ ਸਿੰਘ, ਕੁਲਵਿੰਦਰ ਸਿੰਘ, ਨਗੀਨਾ ਸਿੰਘ ਬਲੱਗਣ, ਜੋਗਿੰਦਰ ਸਿੰਘ ਮੰਡ, ਕੰਵਲਜੀਤ ਕੌਰ ਕੰਬੋਜ ਆਦਿ ਪਤਵੰਤੇ ਸਰੋਤਿਆਂ ਵਜੋਂ ਸੁਸ਼ੋਭਿਤ ਸਨ। ਅੰਤ ਵਿਚ ਸਭਾ ਦੇ ਸਰਪ੍ਰਸਤ ਸ. ਮੋਹਨ ਸਿੰਘ ਸਹਿਗਲ ਨੇ ਸਭ ਆਏ ਸਜਣਾਂ ਦਾ ਧੰਨਵਾਦ ਕੀਤਾ। ਇਹ ਸੂਚਨਾ ਸਤੀਸ਼ ਦਰਦੀ ਪ੍ਰਚਾਰ ਸਕੱਤਰ ਨੇ ਦਿੱਤੀ।

## ਪ੍ਰਵਾਸੀ ਸ਼ਾਇਰ ਬਲਬੀਰ ਸਿਕੰਦ ਅਤੇ ਕੁਲਵੰਤ ਕੌਰ ਚੰਨ ਨਾਲ ਇਕ ਸ਼ਾਮ

ਪ੍ਰਵਾਸੀ ਸ਼ਾਇਰ ਬਲਬੀਰ ਸਿਕੰਦ ਅਤੇ ਕੁਲਵੰਤ ਕੌਰ ਚੰਨ (ਫ਼ਰਾਂਸ) ਦੀ ਆਮਦ ਤੇ, ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵੱਲੋਂ, ਡਾ. ਸੁਰਿੰਦਰਜੀਤ ਕੌਰ ਹੋਰਾਂ ਦੇ ਨਿਵਾਸ ਤੇ ਇਕ ਮਹਿਫ਼ਲ ਦਾ ਪ੍ਰਬੰਧ ਕੀਤਾ ਗਿਆ ਇਸ ਮਹਿਫ਼ਲ ਦੀ ਪ੍ਰਧਾਨਗੀ ਫਿਲਮਕਾਰ, ਡਾਇਰੈਕਟਰ, ਪ੍ਰੋਡਿਊਸਰ, ਗੀਤਕਾਰ-ਜਨਾਬ ਬਲਬੀਰ ਸਿਕੰਦ (ਕੈਨੇਡਾ) ਨੇ ਕੀਤੀ। ਪ੍ਰਵਾਸ ਦਾ ਸੰਤਾਪ ਹੰਢਾ ਰਹੇ ਪੰਜਾਬੀਆਂ ਗ਼ੈਰ ਪੰਜਾਬੀਆਂ ਦੇ ਦਰਦ ਦਾ ਇਜ਼ਹਾਰ ਬੀਬੀ ਕੁਲਵੰਤ ਕੌਰ ਚੰਨ ਹੋਰਾਂ ਆਪਣੇ ਗੀਤਾਂ ਨਾਲ ਕਰਦਿਆਂ ਜਿੱਥੇ ਆਪਣੀ ਪੁਰਸੋਜ਼ ਬੁਲੰਦ ਆਵਾਜ਼ ਦਾ ਜਾਦੂ ਬਿਖੇਰਿਆ ਉਥੇ ਮਹਿਫ਼ਲ ਨੂੰ ਝੂਮਣ ਦੇ ਨਾਲ-ਨਾਲ ਸੋਚਣ ਵੀ ਲਾ ਦਿੱਤਾ ਕਿ ਅਸੀਂ ਪ੍ਰਵਾਸ 'ਚੋਂ ਕੀ ਕਮਾ ਰਹੇ ਹਾਂ ਕੀ ਗਵਾ ਰਹੇ ਹਾਂ। ਇਸ ਮੌਕੇ ਤੇ ਆਪਣੀਆਂ ਰਚਨਾਵਾਂ ਪੇਸ਼ ਕਰਦਿਆਂ ਬਲਬੀਰ ਸਿਕੰਦ ਹੋਰਾਂ ਕਿਹਾ ਕਿ ਸ਼ਾਇਰੀ ਦੇ ਨਾਲ ਨਾਲ ਸੁਰੀਲੀ ਆਵਾਜ਼ ਦੀ ਦਾਤ ਰੱਬ ਕੁਲਵੰਤ ਹੋਰਾਂ ਵਰਗੀਆਂ ਪਵਿੱਤਰ ਰੂਹਾਂ ਨੂੰ ਹੀ ਬਖ਼ਸ਼ਦਾ ਹੈ ਸਿਕੰਦ ਹੋਰਾਂ ਆਪਣੇ ਸ਼ਿਅਰਾਂ ਨਾਲ ਮਹਿਫ਼ਲ ਨੂੰ ਕੀਲੀ ਰੱਖਿਆ। ਆਪਣੀਆਂ-ਆਪਣੀਆਂ ਰਚਨਾਵਾਂ ਨਾਲ ਮਹਿਫ਼ਲ ਨੂੰ ਮਹਿਕਾਉਣ ਵਾਲੇ ਸਨ, ਜਨਾਬ ਕੁਲਵਿੰਦਰ ਫੁੱਲ ਮੰਚ ਦੇ ਜਨਰਲ ਸਕੱਤਰ, ਰਾਜਿੰਦਰ ਪਰਦੇਸੀ, ਮੰਚ ਦੇ ਪ੍ਰਧਾਨ, ਸਿਮਰਨਜੋਤ ਮਾਨ, ਕਰਨਜੀਤ ਸਿੰਘ, ਰੇਨੂ ਨਈਅਰ, ਮਨਜੀਤ ਸੋਹਲ, ਡਾ. ਸੁਰਿੰਦਰਜੀਤ ਕੌਰ, ਜਸਪਾਲ ਜ਼ੀਰਵੀ। ਇਸ ਮੌਕੇ ਤੇ ਮੰਚ ਵੱਲੋਂ ਕੁਲਵੰਤ ਕੌਰ ਚੰਨ ਹੋਰਾਂ ਨੂੰ ਬਲਬੀਰ ਸਿਕੰਦ ਹੋਰਾਂ ਸਿਰੋਪਾ ਦੇ ਕੇ ਸਨਮਾਨਤ ਕੀਤਾ। ਮਹਿਫ਼ਲ ਦੀ ਸ਼ੋਭਾ ਵਧਾਉਣ ਵਾਲਿਆਂ ਵਿਚ, ਮੈਡਮ ਜੀਵਨ ਆਸ਼ਾ ਫੁੱਲ, ਚੰਨ ਦੇ ਹਮਸਫ਼ਰ, ਸ. ਰਣਜੀਤ ਸਿੰਘ ਪੈਰਿਸ, ਜੋਗਿੰਦਰ ਸਿੰਘ ਜੋਗੀ, ਪਰਮਿੰਦਰ ਕੌਰ, ਪਰਮਵੀਰ ਸਿੰਘ, ਜਾਰਜ ਸ਼ਾਮਿਲ ਸਨ।

*ਰਿਪੋਰਟ*

*ਸੁਰਿੰਦਰਜੀਤ ਕੌਰ*

## ਡੇਰਾ ਮਸਤਾਨਗੜ੍ਹ ਵਿਖੇ ਕਵੀ ਦਰਬਾਰ

ਮਸਤਾਨਗੜ੍ਹ ੧੧ ਮਾਰਚ- ਡੇਰਾ ਮਸਤਾਨਗੜ੍ਹ ਵਿਖੇ ਅੱਜ ਇਕ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿਚ ਇਲਾਕੇ ਦੇ ਮਸ਼ਹੂਰ ਕਵੀਆਂ ਨੇ ਸ਼ਿਰਕਤ ਕਰਕੇ ਰੰਗ ਬੰਨ੍ਹਿਆ। ਇਸ ਮੌਕੇ ਪੁੱਜੇ ਕਵੀ ਪੂਰਨ ਸਿੰਘ ਨਿਰਾਲਾ ਨੇ "ਮਾਂ ਮੈਨੂੰ ਇਹ

ਮੌਕਾ ਦਿੱਤਾ ਦੁਨੀਆਂ ਦੇ ਵਿਚ ਆਵਣ ਦਾ", ਹਰਭਜਨ ਸਿੰਘ ਰਾਜਾ ਨੇ "ਜਿੰਦਾਂ ਬਾਗ ਅੰਦਰ ਫੁੱਲ ਖੁਸ਼ ਰਹਿਵਣ, ਬੂਟਾ ਅੰਬ ਦਾ ਖੁਸ਼ ਵਿਚ ਕੇਲਿਆਂ ਦੇ", ਲਖਵਿੰਦਰ ਸਿੰਘ ਬਾਜਵਾ ਨੇ "ਹੋਇਆ ਅਨਿਸ਼ਟ ਤੰਤਰ ਵਿਗੜ ਗਿਆ", ਕਰਨੈਲ ਸਿੰਘ ਅਸਪਾਲ ਨੇ "ਜ਼ਿੰਦਗੀ ਦੇ ਪਲ ਜੀਣ ਲਈ ਪਸ਼ੂ-ਪੰਛੀ ਆਧਾਰ, ਕੁਦਰਤ ਦੀ ਇਸ ਦੇਣ ਨੂੰ ਮੇਰੀ ਨਮਸਕਾਰ" ਆਦਿ ਰਚਨਾਵਾਂ ਪੇਸ਼ ਕਰਕੇ ਹਾਜ਼ਰ ਸਰੋਤਿਆਂ ਨੂੰ ਨਿਹਾਲ ਕੀਤਾ। ਇਸ ਮੌਕੇ ਕਵੀ ਬੇਅੰਤ ਸਿੰਘ ਸੇਖਲ, ਸਵਰਨ ਸਿੰਘ ਚੀਮਾ, ਹਰਭਜਨ ਸਿੰਘ ਪਰਵਾਨਾ ਆਦਿ ਵੀ ਹਾਜ਼ਰ ਸਨ।

## ਸਰਦਾਰ ਸਿੰਘ ਨੂੰ ਪਦਮ ਸ਼੍ਰੀ ਸਨਮਾਨ



ਸਿਰਸਾ, ੨੬ ਜਨਵਰੀ-ਹਰਿਆਣਾ ਪ੍ਰਾਂਤ ਦੇ ਇਸ ਜ਼ਿਲੇ ਦੇ ਪਿੰਡ ਸੰਤ ਨਗਰ ਦੇ ਜੰਮਪਲ ਸ. ਸਰਦਾਰ ਸਿੰਘ ਕੈਪਟਨ ਭਾਰਤੀ ਹਾਕੀ ਟੀਮ ਨੂੰ ਭਾਰਤ ਸਰਕਾਰ ਵਲੋਂ ਪਦਮ ਸ਼੍ਰੀ ਸਨਮਾਨ ਦੇਣ ਦਾ ਐਲਾਨ ਕੀਤਾ ਗਿਆ ਹੈ। ਸ. ਸਰਦਾਰ ਸਿੰਘ ਨੇ ਇਨਾਮ ਦੇ ਐਲਾਨ ਤੋਂ ਬਾਅਦ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਤੋਂ ਟੈਲੀਫੋਨ ਉੱਤੇ ਬਖਸ਼ਿਸ਼ ਮੰਗਦਿਆ ਕਿਹਾ ਕਿ ਆਪ ਜੀ ਦੀ ਕ੍ਰਿਪਾ ਨਾਲ ਆਪ ਦੇ ਸਿੱਖ ਦਾ ਭਾਰਤ ਸਰਕਾਰ ਵਲੋਂ ਮਾਣ ਵਧਾਇਆ ਗਿਆ ਹੈ ਆਪ ਜੀ ਦੀ ਕ੍ਰਿਪਾ ਬਣੀ ਰਹੇ ਇਹੋ ਮੇਰੀ ਬੇਨਤੀ ਹੈ। ਸਰਦਾਰ ਸਿੰਘ ਸੰਤ ਗੁਰਨਾਮ ਸਿੰਘ ਤੇ ਬੀਬੀ ਜਸਬੀਰ ਕੌਰ ਦਾ ਲਖਤੇ ਜਿਗਰ ਹੈ। ਇਸ ਨੇ ਅਤੇ ਇਲਾਕਾ ਜੀਵਨ ਨਗਰ ਦੇ ਹੋਰ ਨਾਮਧਾਰੀ ਨੌਜਵਾਨਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਣਾ ਨਾਲ ਨਾਮਧਾਰੀ ਸਪੋਰਟਸ ਅਕੈਡਮੀ ਸ੍ਰੀ ਭੈਣੀ ਸਾਹਿਬ (ਪੰਜਾਬ) ਵਿਚ ਰਹਿ ਕੇ ਹਾਕੀ ਖੇਡਨ ਦੇ ਗੁਰ ਸਿੱਖੇ ਅਤੇ ਸਾਲਾਂਬਦੀ ਮਿਹਨਤ ਕਰ ਕੇ ਨਾਮਧਾਰੀ ਹਾਕੀ ਇਲੈਵਨ ਵਲੋਂ ਕਈ ਜਿੱਤਾਂ ਜਿੱਤੀਆਂ। ਇਹਨਾਂ ਖਿਡਾਰੀਆਂ ਵਿੱਚੋਂ ਕਈ ਖਿਡਾਰੀ ਨੈਸ਼ਨਲ ਪੱਧਰ ਤੇ ਹਾਕੀ ਖੇਡਣ ਵਿਚ ਆਪਣੀ ਥਾਂ ਬਣਾ ਗਏ ਜਿਹਨ ਵਿਚੋਂ ਸਰਦਾਰ ਸਿੰਘ ਭਾਰਤੀ ਹਾਕੀ ਟੀਮ ਦਾ ਕੈਪਟਨ ਬਣਿਆ ਉਸਨੇ ਇਸ ਟੀਮ ਨੂੰ ਏਸ਼ੀਆ ਹਾਕੀ ਕੱਪ ਜਿਤਾਇਆ। ਭਾਰਤ ਸਰਕਾਰ ਨੇ ਇਸ ਨੂੰ ਅਰਜਨ ਅਵਾਰਡ ਦੇ ਕੇ ਇਸ ਦੀ ਕਦਰ ਕੀਤੀ ਅਤੇ ਹੁਣ ਪਦਮ ਸ਼੍ਰੀ ਸਨਮਾਨ ਦੇ ਐਲਾਨ ਨਾਲ ਉਸ ਦਾ ਸਾਰਾ ਆਲਾ ਦੁਆਲਾ ਇਲਾਕਾ ਸ਼੍ਰੀ ਸਨਮਾਨ ਦੇ ਐਲਾਨ ਨਾਲ ਉਸ ਦਾ ਸਾਰਾ ਆਲਾ ਦੁਆਲਾ ਇਲਾਕਾ ਸ੍ਰੀ ਜੀਵਨ ਨਗਰ ਹੀ ਨਹੀਂ ਸਾਰਾ ਨਾਮਧਾਰੀ ਭਾਈਚਾਰਾ ਫੁਲਿਆ ਨਹੀਂ ਸਮਾਉਂਦਾ। ਸੰਤ ਨਗਰ ਦੀ ਪੰਚਾਇਤ ਉਥੋਂ ਦੇ ਖਿਡਾਰੀ ਇਸ ਮਾਣ ਨੂੰ ਆਪ ਵੀ ਮਾਣ ਰਹੇ ਹਨ। ਸਰਦਾਰਾ ਸਿੰਘ ਦੇ ਮਾਤਾ ਪਿਤਾ ਤੋਂ ਇਲਾਵਾ ਨਾਨਾ ਜੀ ਮਾਸਟਰ ਦਰਸ਼ਨ ਸਿੰਘ ਨੂੰ ਵਧਾਈਆਂ ਮਿਲ ਰਹੀਆਂ ਹਨ। ਨਾਮਧਾਰੀ ਸਪੋਰਟਸ ਅਕੈਡਮੀ ਜਿਸ ਦੀ ਪ੍ਰਬੰਧਕੀ ਜਿੰਮੇਵਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ (ਸਤਿਗੁਰੂ) ਉਦੈ ਸਿੰਘ ਜੀ ਦੇ ਸਹਿਯੋਗ ਹੱਥਾਂ ਵਿਚ ਸੌਂਪੀ ਸੀ ਅੱਜ ਬਾਗੋ ਬਾਗ ਹੈ ਅਤੇ ਸਾਰੇ ਸਤਿਗੁਰੂ ਜੀ ਦਾ ਸ਼ੁਕਰਾਨਾ ਕਰਦੇ ਹਨ ਬਹੁਤ-ਬਹੁਤ ਵਧਾਈਆਂ

## ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੀ ਇਕੱਤਰਤਾ




ਨਵੀਂ ਦਿੱਲੀ- ਪੰਜਾਬੀ ਸਾਹਿਤ ਸਭਾ (ਰਜਿ.) ਦੀ ਮਾਸਿਕ ਇਕੱਤਰਤਾ ੧੪ ਮਾਰਚ ੨੦੧੫ ਨੂੰ ਉਘੇ ਵਿਦਵਾਨ ਡਾ. ਹਰਬੰਸ ਸਿੰਘ ਚਾਵਲਾ ਦੀ ਪ੍ਰਧਾਨਗੀ ਹੇਠ ਹੋਈ। ਪੰਜਾਬ ਤੋਂ ਉਚੇਚੇ ਤੌਰ ਤੇ ਪੁਜੇ ਸਾਹਿਤਕਾਰਾਂ ਸ੍ਰੀ ਦਰਸ਼ਨ ਬੁੱਟਰ (ਕਵਿਤਾ) ਅਤੇ ਸ੍ਰੀ ਮੋਹਨ ਲਾਲ ਫਿਲੌਰੀਆ (ਕਹਾਣੀ) ਤੋਂ ਛੁੱਟ ਸ੍ਰੀਮਤੀ ਊਸ਼ਮਾ, ਸ੍ਰੀਮਤੀ ਰਣਜੀਤ ਕੌਰ ਜੀਤ ਅਤੇ ਸ੍ਰੀ ਹਰਭਜਨ ਸਿੰਘ ਸਹਿਗਲ ਵਲੋਂ ਆਪੋ ਆਪਣੀਆਂ ਸਜਰੀਆਂ ਕਵਿਤਾਵਾਂ ਸੁਣਾਈਆਂ ਗਈਆਂ। ਪੱਤਰਕਾਰ ਸ੍ਰੀ ਬਲਵਿੰਦਰ ਸਿੰਘ ਸੋਢੀ ਨੇ ਕਹਾਣੀ ਸੁਣਾਈ। ਇਕੱਤਰਤਾ ਦੇ ਸ਼ੁਰੂ ਵਿਚ ਐਕਟਿੰਗ ਡਾਇਰੈਕਟਰ ਅਸ਼ੋਕ ਵਾਸਿਸ਼ਠ ਨੇ ਸਾਰੇ ਰਚਨਾਕਾਰਾਂ, ਸਮੂਹ ਲਿਖਾਰੀਆਂ ਅਤੇ ਸਾਹਿਤ ਪ੍ਰੇਮੀਆਂ ਦਾ ਸਵਾਗਤ ਕੀਤਾ। ਉਨ੍ਹਾਂ ਇਕੱਤਰਤਾ ਦੇ ਪ੍ਰਧਾਨ ਡਾ. ਹਰਬੰਸ ਸਿੰਘ ਚਾਵਲਾ ਸਮੇਤ ਰਚਨਾਵਾਂ ਸੁਨਾਉਣ ਵਾਲੇ ਰਚਨਾਕਾਰਾਂ, ਸਟੇਜ ਤੇ ਆਉਣ ਦਾ ਸੱਦਾ ਦਿੱਤਾ? ਸਭਾ ਤੋਂ ਪਹਿਲਾਂ ਸ੍ਰੀ ਬਲਵਿੰਦਰ ਸਿੰਘ ਸੋਢੀ ਨੇ "ਮਾਂ ਨੂੰ ਕਹਾਣੀ ਸੁਣਾਈ। ਇਹ ਆਪਣੀ ਧੀ ਨਾਲੋਂ ਵਖ ਕਰ ਦਿੱਤੀ ਗਈ ਮਾਂ ਦੀ ਤ੍ਰਾਸਦ ਕਥਾ ਸੀ। ਪਿਛਲੇ ਸਾਲ ਸਾਹਿਤ ਅਕਾਦਮੀ ਦੇ ਪੁਰਸਕਾਰ ਨਾਲ ਸਨਮਾਨਤ ਕਵੀ ਦਰਸ਼ਨ ਬੁੱਟਰ

Namdhari Elibrary NamdhariElibrary@gmail.com

ਨੇ ਹਉਕੇ ਹਿਚਕੀਆਂ, ਪਰਜਾਪਤਾਂ ਦਾ ਟਿੱਡਾ, ਵਿਚਾਰਾ ਕਵੀ ਜਿਹੀਆਂ ਕਵਿਤਾਵਾਂ ਸੁਣਾਈਆਂ ਅਤੇ ਤਰੰਨੁਮ ਵਿਚ ਇਕ ਗੀਤ ਗਾਇਆ। ਸ੍ਰੀ ਹਰਭਜਨ ਸਿੰਘ ਸਹਿਗਲ ਨੇ ਆਪਣੀ ਕਾਵਿ ਸਵੈ ਜੀਵਨੀ "ਬਿਖਰੇ ਪੰਨੇ ਵਿਚੋਂ ਬਿਖਰੇ ਪੰਨਿਆਂ ਬਾਰੇ, ਰੰਗੀਨੀ ਅਤੇ ਸ਼ਰਾਬ ਤੇ ਸ਼ਾਇਰੀ ਕਵਿਤਾਵਾਂ ਸੁਣਾਈਆਂ। ਜਲੰਧਰ ਤੋਂ ਉਚੇਚੇ ਤੌਰ ਤੇ ਪੁਜੇ ਕਹਾਣੀਕਾਰ ਸ੍ਰੀ ਮੋਹਨ ਲਾਲ ਫਿਲੌਰੀਆ ਨੇ ਅਦਾਲਤੀ ਕਾਰਵਾਈ ਨਾਲ ਜੁੜੀ ਇਕ ਕਹਾਣੀ "ਗਵਾਹੀ ਅੱਗੇ ਤੁਰਦੀ ਹੈ, ਸੁਣਾਈ। ਪੰਜਾਬੀ ਸਾਹਿਤ ਦੇ ਉਘੇ ਵਿਦਵਾਨ ਅਤੇ ਸਿਖਿਆ ਸ਼ਾਸਤਰੀ ਡਾਕਟਰ ਮਨਜੀਤ ਸਿੰਘ ਨੇ ਪੜ੍ਹੀਆਂ ਗਈਆਂ ਕਹਾਣੀਆਂ ਅਤੇ ਕਵਿਤਾਵਾਂ 'ਤੇ ਚਰਚਾ ਦਾ ਆਗਾਜ਼ ਕਰਦਿਆਂ ਕਿਹਾ ਕਿ ਬਲਵਿੰਦਰ ਸਿੰਘ ਸੋਢੀ ਦੀ ਕਹਾਣੀ "ਮਾਵਾਂ ਦਾ ਬਿਰਤਾਂਤ ਸਰਲ ਅਤੇ ਸਪਾਟ ਸੀ। ਉਨ੍ਹਾਂ ਨੇ ਅੰਤ ਵਿਚ ਕਹਾਣੀ ਨੂੰ ਵਿਸਟ ਦਿੱਤਾ ਹੈ? ਦਰਸ਼ਨ ਬੁੱਟਰ ਬਹੁਤ ਵੱਡੇ ਸ਼ਾਇਰ ਹਨ। ਖੜਾਵਾਂ ਅਤੇ ਮਹਾਂਕੰਬਣੀ ਜਿਹੇ ਕਾਵਿ ਸੰਗ੍ਰਹਿ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ। ਉਨ੍ਹਾਂ ਪਾਸ ਨਵੀਂ ਸ਼ਾਇਰੀ ਦਾ ਆਪਣਾ ਵਿਲੱਖਣ ਅੰਦਾਜ਼ ਹੈ। ਇਨ੍ਹਾਂ ਪਾਸ ਅਹਿਸਾਸਾਂ ਦੀ ਕਮੀ ਨਹੀਂ। ਇਨ੍ਹਾਂ ਦੀ ਬਰੀਕ ਬੀਨੀ ਅਹਿਸਾਸਾਂ 'ਚ ਜਕੜ ਲੈਂਦੀ ਹੈ। ਹਉਕੇਹਿਚਕੀਆਂ, ਵਿਚਾਰੇ ਕਵੀ, ਏਨੀ ਕੁ ਗੱਲ ਭਾਵ ਹਰ ਰਚਨਾ ਵਿਚ ਵਿਅੰਗ ਸੀ। ਇਹ ਬਹੁਤ ਵਧੀਆ ਨਜ਼ਮਾਂ ਹਨ। ਰਣਜੀਤ ਕੌਰ ਜੀਤ ਦੀਆਂ ਨਜ਼ਮਾਂ ਚੰਗੀਆਂ ਹਨ। ਇਨ੍ਹਾਂ ਦੇ ਹਰ ਸ਼ਬਦ ਦੀ ਆਪਣੀ ਸ਼ੇਡ ਹੁੰਦੀ ਹੈ, ਆਪਣਾ ਦਾਇਰਾ ਹੁੰਦਾ ਹੈ ਅਤੇ ਆਪਣਾ ਅਰਥ ਹੁੰਦਾ ਹੈ। ਊਸ਼ਮਾ ਦੀਆਂ ਨਜ਼ਮਾਂ ਵਿਚ ਨਿਖਾਰ ਆਇਆ ਹੈ। ਇਨ੍ਹਾਂ ਦਾ ਜੀਵਨ ਤ੍ਰਾਸਦੀਆਂ ਨਾਲ ਭਰਿਆ ਹੈ। ਅੱਜ ਦੀਆਂ ਕਵਿਤਾਵਾਂ ਬਰੂਹਾਂ ਵਿਚ, ਆਪਣੇ ਕੋਲ ਬੈਠਣਾ ਆਦਿ ਵਿਚ ਇਨ੍ਹਾਂ ਦਾ ਦੁੱਖ ਸੰਬੋਲਕ ਕਵਿਤਾ ਵੱਲ ਪੁਜ ਗਿਆ ਜਾਪਦਾ ਹੈ। ਸ੍ਰੀ ਮੋਹਨ ਲਾਲ ਫਿਲੌਰੀਆ ਦੀ ਕਹਾਣੀ ਬਹੁਤ ਵਧੀਆ ਸੀ, ਥੋੜੀ ਲੰਮੀ ਜਰੂਰ ਹੋ ਗਈ। ਸਮਕਾਲੀ ਸਮਾਜ ਵਿਚ ਜੋ ਵਰਤਾਰੇ ਵਾਪਰ ਰਹੇ ਹਨ ਉਨ੍ਹਾਂ ਦਾ ਪ੍ਰਤੀਕ ਬਣਾ ਕੇ ਉਹ ਵਿਅੰਗ ਕੱਸਦੇ ਨੇ। ਕਈ ਸਵਾਲ ਖੜ੍ਹੇ ਕਰਦੇ ਨੇ, ਅਦਾਲਤ ਦੀ ਭਾਸ਼ਾ ਦੇ ਨਾਲ ਨਾਲ ਅਦਾਲਤੀ ਦ੍ਰਿਸ਼ ਸਿਰਜ ਕੇ ਇਨ੍ਹਾਂ ਦੇ ਪ੍ਰਤੀਕ ਬਣਾ ਦਿੰਦੇ ਹਨ। ਹਰਭਜਨ ਸਿੰਘ ਸਹਿਗਲ ਦੀ ਕਵਿਤਾ ਚੰਗੀ ਸੀ।

ਉਘੇ ਗਲਪਕਾਰ ਮਨਮੋਹਨ ਬਾਵਾ ਨੇ ਕਿਹਾ ਕਿ ਉਨ੍ਹਾਂ ਪੇਸ਼ ਹੋਈਆਂ ਸਾਰੀਆਂ ਰਚਨਾਵਾਂ ਨੂੰ ਮਾਣਿਆ ਹੈ। ਫਿਲੌਰੀਆ ਦੀ ਕਹਾਣੀ ਵਿਚ ਕਟਾਕਸ਼ ਬਹੁਤ ਚੰਗੀ ਤਰ੍ਹਾਂ ਪੇਸ਼ ਕੀਤਾ ਗਿਆ ਹੈ। ਸੋਢੀ ਦੀ ਕਹਾਣੀ ਚੰਗੀ ਸੀ। ਡਾਕਟਰ ਪ੍ਰਿਥਵੀਰਾਜ ਥਾਪਰ ਨੇ ਕਿਹਾ ਕਿ ਸੋਢੀ ਦੀ ਕਹਾਣੀ ਚੰਗੀ ਲਗੀ ਪਰ ਫਿਲੌਰੀਆ ਦੀ ਕਹਾਣੀ ਇਕ ਵਖਰੇ ਰਾਜਨੀਤਕ ਪਰਿਪੇਖ ਦੀ ਕਹਾਣੀ ਹੈ। ਅਸੀਂ ਸ਼ੁਰੂ ਤੋਂ ਲੈ ਕੇ ਅੰਤ ਤਕ ਉਸ ਨਾਲ ਜੁੜੇ ਰਹੇ ਹਾਂ। ਦਰਸ਼ਨ ਬੁੱਟਰ ਸਿਰਮੌਰ ਪੰਜਾਬੀ ਕਵੀ ਹਨ? ਉਹ ਸੰਜਮ ਅਤੇ ਸੰਖੇਪਤਾ ਨਾਲ ਡੂੰਘੀ ਗੱਲ ਕਹਿ ਦਿੰਦੇ ਹਨ। ਉਨ੍ਹਾਂ ਦੀ ਪੇਸ਼ਕਾਰੀ ਬਹੁਤ ਪ੍ਰਭਾਵਸ਼ਾਲੀ ਸੀ। ਰਣਜੀਤ ਕੌਰ ਜੀਤ ਬਹੁਤ ਸਰਲ ਢੰਗ ਨਾਲ ਆਪਣੀ ਗੱਲ ਕਹਿ ਦਿੰਦੇ ਹਨ। ਊਸ਼ਮਾ ਦੀਆਂ ਕਵਿਤਾਵਾਂ ਉਨ੍ਹਾਂ ਦੇ ਅੰਤ੍ਰੀਵ ਵਿਚੋਂ ਲਿਖੀਆਂ ਗਈਆਂ ਕਵਿਤਾਵਾਂ ਹਨ। ਡਾਕਟਰ ਅਮਰਜੀਤ ਸਿੰਘ ਉਮਰ ਨੇ ਵੀ ਬਹਿਸ ਵਿਚ ਭਾਗ ਲਿਆ। ਡਾ. ਹਰਬੰਸ ਸਿੰਘ ਚਾਵਲਾ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਪੜ੍ਹੀਆਂ ਗਈਆਂ ਸਾਰੀਆਂ ਰਚਨਾਵਾਂ ਦੀ ਪ੍ਰਸੰਸਾ ਕੀਤੀ?

*—ਅਸ਼ੋਕ ਵਾਸਿਸ਼ਠ*

# ਮਹਿਰੌਲੀ ਵਿਖੇ 'ਧੁੱਪ ਦੀ ਮਹਿਫਲ' ਦਾ ਸਫਲ ਆਯੋਜਨ

-ਅਸ਼ੋਕ ਵਾਸਿਸ਼ਠ

ਨਵੀਂ ਦਿੱਲੀ-ਹਰ ਸਾਲ ਦੀ ਤਰ੍ਹਾਂ ਦੂਰ ਦੁਰੇਡੀਆਂ ਅਤੇ ਨਜ਼ਦੀਕੀ ਥਾਵਾਂ ਤੋਂ ਆਏ ਲੇਖਕ ਤੇ ਪੁਸਤਕ ਪ੍ਰੇਮੀ ਇਸ ਸਾਲ ਵੀ ੧੯ ਜਨਵਰੀ ੨੦੧੫ ਨੂੰ ਨਵਯੁਗ ਫਾਰਮ, ਅੰਧੇਰੀਆ ਮੋੜ ਮਹਿਰੌਲੀ, ਦਿੱਲੀ ਵਿਖੇ ਇਕੱਠੇ ਹੋਏ। ਇਨ੍ਹਾਂ ਸਾਰਿਆਂ ਮਿਲ ਕੇ ਪੰਜਾਬੀ ਸਾਹਿਤ ਸਭਾ (ਰਜਿ.) ਨਵੀਂ ਦਿੱਲੀ ਵੱਲੋਂ ਆਯੋਜਿਤ "ਧੁੱਪ ਦੀਆਂ ਮਹਿਫ਼ਲ" ਸਾਹਿਤਕ ਸਮਾਗਮ ਦਾ ਆਨੰਦ ਮਾਣਿਆ। ਉਨ੍ਹਾਂ ਦੀ ਨਿੱਘੀਆਂ ਮਿਲਣੀਆਂ ਸਦਕਾ ਇਸ ਵਾਰ ਦੀ ਮਹਿਫ਼ਲ ਯਾਦਗਾਰੀ ਹੋ ਨਿਬੜੀ। ਚਾਹ-ਪਾਣੀ ਤੋਂ ਵਿਹਲੇ ਹੋ ਕੇ ਲੇਖਕ ਤੇ ਪੁਸਤਕ ਪ੍ਰੇਮੀ ਡਾਇਸ ਨੇੜੇ ਜੁੜਨੇ ਸ਼ੁਰੂ ਹੋ ਗਏ। ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਗੁਲਜ਼ਾਰ ਸਿੰਘ ਸੰਧੂ ਵੱਲੋਂ ਮਹਿਫ਼ਲ ਦਾ ਆਗਾਜ਼ ਕੀਤੇ ਜਾਣ ਤੇ ਸਭਾ ਦੀ ਜਨਰਲ ਸਕੱਤਰ ਡਾ. ਮਹਿੰਦਰ ਕੌਰ ਗਿੱਲ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਉਨ੍ਹਾਂ ਬੜੇ ਮਾਣ ਨਾਲ ਚੇਤੇ ਕਰਾਇਆ ਕਿ ਭਾਪਾ ਪ੍ਰੀਤਮ ਸਿੰਘ ਵੱਲੋਂ ਸਾਲ ੧੯੮੮ ਵਿੱਚ 'ਧੁੱਪ ਦੀ ਮਹਿਫਲ' ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ ਤਾਂ ਜੋ ਲੇਖਕ ਅਤੇ ਪੁਸਤਕ ਪ੍ਰੇਮੀ ਜ਼ਿੰਦਗੀ ਦੀ ਭੱਜ ਦੌੜ ਵਿਚੋਂ ਕੁਝ ਪਲ ਕੱਢ ਕੇ ਮਿਲ ਸਕਣ। ਭਾਪਾ ਜੀ ਦੇ ਸਦੀਵੀ ਵਿਛੋੜਾ ਦੇ ਜਾਣ ਦੇ ਬਾਅਦ ਵੀ ਉਨ੍ਹਾਂ ਦੀ ਸਪੁੱਤਰੀ ਡਾ. ਰੇਣੂਕਾ ਸਿੰਘ ਦੀ ਸੁਚੱਜੀ ਅਗਵਾਈ


NamdhariElibrary NamdhariElibrary@gmail

ਵਿਚ 'ਧੁੱਪ ਦੀ ਮਹਿਫ਼ਲ' ਪ੍ਰੋਗਰਾਮ ਦਾ ਆਯੋਜਨ ਲਗਾਤਾਰ ਹੁੰਦਾ ਆ ਰਿਹਾ ਹੈ।

ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਡੀ.ਡੀ. ਐਸ. ਸੰਧੂ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ ਜਦੋਂਕਿ ਉਨ੍ਹਾਂ ਨਾਲ ਮੰਚ 'ਤੇ ਵਿਰਾਜਮਾਨ ਸਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ, ਸਭਾ ਦੇ ਪ੍ਰਧਾਨ ਸ. ਗੁਲਜ਼ਾਰ ਸਿੰਘ ਸੰਧੂ, ਚੇਅਰਪਰਸਨ ਡਾ. ਰੇਣੂਕਾ ਸਿੰਘ, ਜਨਰਲ ਸਕੱਤਰ ਡਾ. ਮਹਿੰਦਰ ਕੌਰ ਗਿੱਲ, ਸ. ਚਰਨਜੀਤ ਸਿੰਘ ਚੰਨ (ਖ਼ਜ਼ਾਨਚੀ), ਕਾਰਜਕਾਰੀ ਮੈਂਬਰ ਸ. ਦਰਸ਼ਨ ਸਿੰਘ ਅਤੇ ਪੰਜਾਬੀ ਭਵਨ ਦੇ ਨਿਰਦੇਸ਼ਕ ਡਾ. ਬਲਦੇਵ ਸਿੰਘ 'ਬੱਦਨ'। ਹਰ ਸਾਲ ਵਾਂਗ ਇਸ ਵਾਰ ਵੀ ਪੰਜਾਬੀ ਸਾਹਿਤ ਅਤੇ ਮਾਂ-ਬੋਲੀ ਦੀ ਸੇਵਾ ਵਿਚ ਸ਼ਲਾਘਾਯੋਗ ਯੋਗਦਾਨ ਪਾਉਣ ਵਾਲੀਆਂ ਤਿੰਨ ਉੱਘੀਆਂ ਹਸਤੀਆਂ ਦਾ ਸਨਮਾਨ ਕੀਤਾ ਗਿਆ। ਇਹ ਸਨ. ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ-ਚਾਂਸਲਰ ਤੇ ਉੱਘੇ ਸਿੱਖਿਆ-ਸ਼ਾਸਤਰੀ ਡਾ. ਜਸਪਾਲ ਸਿੰਘ, ਗਲਪਕਾਰ ਮਨਮੋਹਨ ਬਾਵਾ ਅਤੇ ਮੀਡੀਆ-ਪਰਸਨ ਰਮੇਸ਼ ਸ਼ਰਮਾ। ਸ੍ਰੀ ਬਲਬੀਰ ਮਾਧੋਪੁਰੀ ਨੇ ਡਾ. ਜਸਪਾਲ ਸਿੰਘ, ਬਲਦੇਵ ਸਿੰਘ 'ਬੱਦਨ' ਨੇ ਮਨਮੋਹਨ ਬਾਵਾ ਅਤੇ ਅਸ਼ੋਕ ਵਾਸ਼ਿਸ਼ਠ ਨੇ ਰਮੇਸ਼ ਸ਼ਰਮਾ ਦੇ ਮਾਣ-ਪੱਤਰ ਪੜ੍ਹੇ ਉਪਰੰਤ ਡੀ.ਡੀ.ਐਸ.ਸੰਧੂ, ਡਾ. ਰੇਣੂਕਾ ਸਿੰਘ, ਸ. ਚਰਨਜੀਤ ਸਿੰਘ ਚੰਨ ਦੇ ਦੁਸ਼ਾਲੇ, ਸਨਮਾਨ ਰਾਸ਼ੀ ਮੋਮੈਂਟੋ ਤੇ ਗੁਲਦਸਤੇ ਭੇਂਟ ਕਰਕੇ ਲੇਖਕਾਂ ਨੂੰ ਸਨਮਾਨਿਤ ਕੀਤਾ।

ਡਾ. ਜਸਪਾਲ ਸਿੰਘ ਨੇ ਆਪਣੇ ਧੰਨਵਾਦ ਭਾਸ਼ਣ ਵਿਚ ਪੰਜਾਬੀ ਸਾਹਿਤ ਸਭਾ ਅਤੇ ਵਿਸ਼ੇਸ਼ ਤੌਰ ਤੇ ਭਾਪਾ ਪ੍ਰੀਤਮ ਸਿੰਘ ਨਾਲ ਜੁੜੀਆਂ ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ। ਉਨ੍ਹਾਂ ਦੱਸਿਆ ਕਿ ਭਾਪਾ ਪ੍ਰੀਤਮ ਸਿੰਘ ਦੀ ਪ੍ਰੇਰਣਾ ਅਤੇ ਉਤਸ਼ਾਹ ਸਦਕਾ ਹੀ ਉਨ੍ਹਾਂ ਦੀ ਪੁਸਤਕ "ਰਾਜ ਦਾ ਸਿਖ ਸੰਕਲਪ' ਦਾ ਵਧੀਆ ਪ੍ਰਕਾਸ਼ਨ ਹੋ ਸਕਿਆ ਸੀ। ਉਨ੍ਹਾਂ ਪੰਜਾਬੀ ਦੀ ਮੌਜੂਦਾ ਸਥਿਤੀ ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਇਕ ਬਹੁਤ ਵੱਡੀ ਚੁਨੌਤੀ ਹੈ। ਉਨ੍ਹਾਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਪੰਜਾਬ ਯੂਨੀਵਰਸਿਟੀ ਵੱਲੋਂ ਚਲਾਈਆਂ ਜਾ ਰਹੀਆਂ ਪ੍ਰਮੁੱਖ ਯੋਜਨਾਵਾਂ ਅਤੇ ਪ੍ਰੋਗਰਾਮਾਂ ਦੀ ਜਾਣਕਾਰੀ ਵੀ ਦਿੱਤੀ। ਸ੍ਰੀ ਮਨਮੋਹਨ ਬਾਵਾ ਨੇ ਦੱਸਿਆ ਕਿ ਉਹ ਅੱਜ ਜੋ ਕੁਝ ਵੀ ਹਨ, ਉਸ ਵਿਚ ਪੰਜਾਬੀ ਸਾਹਿਤ ਸਭਾ ਦਾ ਬਹੁਮੁੱਲਾ ਯੋਗਦਾਨ ਰਿਹਾ ਹੈ। ਪੰਜਾਬੀ ਸਾਹਿਬ ਸਭਾ ਦੀਆਂ ਇੱਕਤਰਤਾਵਾਂ ਵਿਚ ਆਉਣ ਆਪਣੀਆਂ ਲਿਖਤਾਂ ਬਾਰੇ ਵੀ ਵਿਸਤਾਰ ਨਾਲ ਜਾਣਕਾਰੀ ਦਿੱਤੀ। ਸ੍ਰੀ ਰਮੇਸ਼ ਸ਼ਰਮਾ ਨੇ ਕਿਹਾ ਕਿ ਪੰਜਾਬੀ ਸਾਹਿਤ ਸਭਾ ਦੀਆਂ ਸਰਗਰਮੀਆਂ ਉਨ੍ਹਾਂ ਲਈ ਸਦਾ ਪ੍ਰੇਰਣਾ ਦਾ ਸੋਮਾ ਰਹੀਆਂ ਹਨ ਅਤੇ ਇਥੋਂ ਪ੍ਰੇਰਿਤ ਹੋ ਕੇ ਉਨ੍ਹਾਂ ਵੱਧ ਤੋਂ ਵੱਧ ਮੀਡੀਆਂ ਰਾਹੀਂ ਮਾਂ-ਬੋਲੀ ਦੀ ਸੇਵਾ ਕਰਨ ਦਾ ਉਪਰਾਲਾ ਕੀਤਾ। ਜੰਮਣ-ਭੋਂ ਨਾਰੋਵਾਲ ਦੀ ਯਾਤਰਾ ਦਾ ਸੰਸਮਰਣ ਵੀ ਸੁਣਾਇਆ।

ਇਸ ਮੌਕੇ ਤੇ ਪੰਜਾਬੀ, ਹਿੰਦੀ ਅਤੇ ਅੰਗ੍ਰੇਜ਼ੀ ਦੀਆਂ ਸੱਤ ਪੁਸਤਕਾਂ ਦਾ ਲੋਕ ਅਰਪਣ ਕੀਤਾ ਗਿਆ। ਇਹ ਹਨ. ਆਰਸੀ ਪਬਲੀਸ਼ਰਜ਼ ਵੱਲੋਂ ਪ੍ਰਕਾਸ਼ਤ ਬਚਿੰਤ ਕੌਰ ਦੀਆਂ ਦੋ ਪੁਸਤਕਾਂ 'ਦੀ ਲਾਸਟ ਪੇਜ' (ਨਾਵਲ) ਅਤੇ ਬਚਿੰਤ ਕੌਰ ਦੀਆਂ ੩੧ ਕਹਾਣੀਆਂ (ਸੰਪਾਦਕ. ਡਾ. ਬਲਦੇਵ ਸਿੰਘ 'ਬੱਦਨ'), ਅਸ਼ੋਕ ਵਾਸ਼ਿਸ਼ਠ ਦਾ ਪਲੇਠਾ ਨਾਵਲ 'ਵੱਡਾ ਚੌਰਾਹਾ' ਵਿਦੇਸ਼ ਵਸਦੇ ਪੰਜਾਬੀ ਲੇਖਕ ਸਾਥੀ ਲੁਧਿਆਣਵੀ ਦੀ ਪੁਸਤਕ 'ਨਿੱਘੇ ਮਿੱਤਰ-ਮੁਲਾਕਾਤ', ਸ਼ਿਲਾਲੇਖ ਵੱਲੋਂ ਪ੍ਰਕਾਸ਼ਤ ਕੁਲਵੰਤ ਕੌਰ ਨਾਰੰਗ ਦਾ ਕਹਾਣੀ ਸੰਗ੍ਰਹਿ 'ਉਡੀਕ ਦੇ ਪਲ', ਹਰਭਜਨ ਸਿੰਘ ਸਹਿਗਲ ਦੀ ਕਾਵਿ ਸਵੈ-ਜੀਵਨੀ 'ਬਿਖਰੇ ਪੰਨੇ', ਰਾਜਿੰਦਰ ਆਤਿਸ਼ ਦੀਆਂ ਦੋ ਹਿੰਦੀ ਪੁਸਤਕਾਂ, ਬੀ.ਐਸ.ਬੀਰ ਵੱਲੋਂ ਰਾਬਰਟ ਫ੍ਰਾਸਟ ਦੀ ਚੋਣਵੀਂ ਕਵਿਤਾ ਦਾ ਰੂਪਾਂਤਰਣ, ਗੁਲਜ਼ਾਰ ਸਿੰਘ ਸੰਧੂ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਲਈ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਬਾਰੇ ਲਿਖੀ ਪੁਸਤਕ ਰੀਲੀਜ਼ ਕੀਤੀਆਂ ਗਈਆਂ। ਉੱਘੇ ਸਾਹਿਤ ਚਿੰਤਕ ਡਾ. ਜਸਵੰਤ ਸਿੰਘ ਨੇਕੀ ਨੇ ਚੁਟਕਲੇ ਅਤੇ ਕਵਿਤਾ ਸੁਣਾ ਕੇ ਮਾਹੌਲ ਨੂੰ ਹੋਰ ਵੀ ਖੁਸ਼ਗਵਾਰ ਬਣਾ ਦਿੱਤਾ। ਪੰਜਾਬੀ ਹੈਲਪ ਲਾਈਨ ਵੱਲੋਂ ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ ਉਚੇਚੇ ਤੌਰ 'ਤੇ ੧੨ਵੀਂ ਜਮਾਤ ਦੇ ਵਿਦਿਆਰਥੀਆਂ ਲਈ ਤਿਆਰ ਕੀਤੀ ਸੀਡੀ ਵੀ ਇਸ ਮੌਕੇ ਤੇ ਰੀਲੀਜ਼ ਕੀਤੀ ਗਈ। ਕਪੂਰਥਲਾ ਤੋਂ ਪੁਜੇ ਕੰਵਰ ਇਕਬਾਲ ਅਤੇ ਸੁਰਿੰਦਰ ਸਾਗਰ ਨੇ ਤਰੰਨੁਮ ਵਿਚ ਗੀਤ ਗਾ ਕੇ ਸ੍ਰੋਤਿਆ ਦਾ ਦਿਲ ਜਿੱਤ ਲਿਆ। ਅੰਤ ਵਿਚ ਸਭਾ ਦੀ ਚੇਅਰਪਰਸਨ ਡਾ. ਰੇਣੂਕਾ ਸਿੰਘ ਨੇ ਆਏ ਪਤਵੰਤਿਆਂ, ਸਮੂਹ ਲੇਖਕਾਂ ਅਤੇ ਪੁਸਤਕ ਪ੍ਰੇਮੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਇਸ ਗੱਲ ਦੀ ਖੁਸ਼ੀ ਪ੍ਰਗਟਾਈ ਕਿ ਭਾਪਾ ਜੀ ਵੱਲੋਂ ੧੯੮੮ ਤੋਂ ਸ਼ੁਰੂ ਕੀਤੀ ਗਈ। "ਧੁੱਪ ਦੀ ਮਹਿਫ਼ਲ" ਉਨ੍ਹਾਂ ਦੇ ਸਦੀਵੀ ਵਿਛੋੜਾ ਦੇ ਜਾਣ ਦੇ ਬਾਅਦ ਵੀ ਉਸੇ ਉਤਸ਼ਾਹ ਅਤੇ ਚਾਅ ਨਾਲ ਹੁੰਦੀ ਰਹੀ ਹੈ। ਉਨ੍ਹਾਂ ਇਸ ਲਈ ਸਮੂਹ ਸਾਹਿਤ ਪ੍ਰੇਮੀਆਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਪੰਜਾਬ, ਹਰਿਆਣਾ, ਦਿੱਲੀ ਅਤੇ ਉਤਰਪ੍ਰਦੇਸ਼ ਦੇ ੨੫੦ ਤੋਂ ਵੱਧ ਲੇਖਕਾਂ, ਬੁਧੀਜੀਵੀਆਂ, ਪੱਤਰਕਾਰਾਂ ਤੇ ਪੁਸਤਕ ਪ੍ਰੇਮੀਆਂ ਨੇ ਭਾਗ ਲਿਆ। ਦੁਪਹਿਰ ਦੇ ਖਾਣੇ ਅਤੇ ਪ੍ਰੀਤ ਮਿਲਣੀਆਂ ਦੇ ਬਾਅਦ ਮਹਿਫ਼ਲ ਦਾ ਸਮਾਪਨ ਹੋਇਆ।

Namdhari Elibrary NamdhariElibrary@gmail.com

## ਪੰਜਾਬੀ ਪਰਚਾਰ ਕੇਂਦਰ ਵਲੋਂ ਸਾਹਿਤਕ ਬੈਠਕ



*ਗੁਲਸ਼ਨ ਮਿਰਜ਼ਾਪੁਰੀ ਆਪਣੀ ਪੁਸਤਕ 'ਤਿੜਕੇ ਸੁਫ਼ਨੇ' ਕੇਂਦਰ ਦੀ ਲਾਇਬ੍ਰੇਰੀ ਲਈ ਭੇਟ ਕਰਦੇ ਹੋਏ।*

ਜਲੰਧਰ, ਸਥਾਨਕ ਪੰਜਾਬੀ ਪ੍ਰਚਾਰ ਕੇਂਦਰ (ਰਜਿ.) ਵਲੋਂ ਬੀਤੇ ਦਿਨੀਂ ਇਕ ਸਾਹਿਤਕ ਬੈਠਕ ਸ. ਰਛਪਾਲ ਸਿੰਘ ਬੱਧਣ ਦੀ ਪ੍ਰਧਾਨਗੀ ਹੇਠ ਸਭਾ ਦੀ ਲਾਇਬ੍ਰੇਰੀ ਐਨ.ਬੀ. ੧੮੦, ਪ੍ਰੀਤ ਨਗਰ, ਸੋਢਲ ਰੋਡ ਵਿਖੇ ਕੀਤੀ ਗਈ। ਕੇਂਦਰ ਵੱਲੋਂ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦੇ ਸਹਿਯੋਗ ਨਾਲ ਸਵਰਗੀ ਗਿਆਨੀ ਰਣਧੀਰ ਸਿੰਘ ਵੱਲੋਂ ਲਿਖੀ ਗਈ ਪੁਸਤਕ 'ਪੰਜਾਬੀ ਸ਼ਬਦ ਜੋੜ' ਵਿਦਿਆਰਥੀ ਐਡੀਸ਼ਨ ਉੱਤੇ ਵਿਚਾਰ ਵਟਾਂਦਰਾ ਕੀਤਾ ਗਿਆ। ਪੁਸਤਕ ਨੂੰ ਪਸੰਦ ਕੀਤਾ ਗਿਆ। ਇਸ ਦੀਆਂ ੫੦੦੦ ਕਾਪੀਆਂ ਸਕੂਲੀ ਵਿਦਿਆਰਥੀਆਂ ਨੂੰ ਮੁਫਤ ਵੰਡਣ ਦਾ ਪ੍ਰੋਗਰਾਮ ਉਲੀਕਿਆ ਗਿਆ। ਇਸ ਬੈਠਕ ਵਿਚ ਸ੍ਰੀ ਗੁਲਸ਼ਨ ਮਿਰਜ਼ਾਪੁਰੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਬੈਠਕ ਦੀ ਸ਼ੁਰੂਆਤ ਵਿਚ ਕੇਂਦਰ ਦੇ ਸਕੱਤਰ ਸ. ਬਹਾਦਰ ਸਿੰਘ ਚੱਢਾ ਨੇ ਆਏ ਹੋਏ ਸਾਰੇ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਆਖਿਆ। ਉਪਰੰਤ ਪ੍ਰਸਿੱਧ ਸ਼ਾਇਰ ਅਤੇ ਗੀਤਕਾਰ ਡੀ. ਆਰ. ਧਵਨ, ਪੰਜਾਬੀ ਦੇ ਕਵੀ ਲਛਮਣ ਦਾਸ ਕਲੇਰ ਦੇ ਬਹੁਤ ਨਜ਼ਦੀਕੀ ਰਿਸ਼ਤੇਦਾਰ ਸ੍ਰੀ ਕੇਵਲ ਰਾਮ ਸਰਮਸਤਪੁਰੀ ਅਤੇ ਡਾ. ਜਗਜੀਤ ਸਿੰਘ ਮਾਨ ਦੀ ਧਰਮ ਪਤਨੀ ਸਵ. ਸ੍ਰੀਮਤੀ ਸਵਿੰਦਰ ਕੌਰ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

'ਇਹ ਦਰਿਆ ਜੋ ਵਗਦੇ ਜੇਕਰ ਸੁੱਕ ਗਏ ਤਾਂ ਕੀ ਹੋਵੇਗਾ?
ਇਹ ਦੁਨੀਆ ਦੇ ਸ਼ੋਖ ਨਜ਼ਾਰੇ ਮੁੱਕ ਗਏ ਤਾਂ ਕੀ ਹੋਵੇਗਾ?'

ਕਵੀ ਸੁਜਾਨ ਸਿੰਘ ਸੁਜਾਨ ਨੇ ਪੰਜਾਬੀ ਮਾਂ-ਬੋਲੀ ਦੀ ਸ਼ਾਨ ਬਿਆਨ ਕਰਦਿਆਂ ਕਿਹਾ-

'ਪੰਜਾਬੀ ਦੇ ਜੋ ਵੀ ਪਿਆਰੇ ਸਭ ਜਾਨ ਪੰਜਾਬੀ ਬੋਲੀ ਦੀ।
ਵਸਦੇ ਗੁਣ ਜੋ ਪੰਜਾਬ ਅੰਦਰ, ਸਭ ਪਹਿਚਾਣ ਪੰਜਾਬੀ ਬੋਲੀ ਦੀ।'

ਮੁੱਖ ਮਹਿਮਾਨ ਸ੍ਰੀ ਗੁਲਸ਼ਨ ਮਿਰਜ਼ਾਪੁਰੀ ਦੀ ਨਵੀਂ ਪੁਸਤਕ 'ਤਿੜਕੇ ਸੁਫ਼ਨੇ' ਪਾਠਕਾਂ ਦੇ ਰੂ-ਬਰੂ ਕੀਤੀ ਗਈ ਅਤੇ ਉਸ ਉੱਪਰ ਚਰਚਾ ਵੀ ਕੀਤੀ ਗਈ। ਗੁਲਸ਼ਨ ਮਿਰਜ਼ਾਪੁਰੀ ਨੇ ਆਪਣੀ ਪੁਸਤਕ ਵਿਚੋਂ ਅਤੇ ਕੁਝ ਨਵੀਆਂ ਰਚਨਾਵਾਂ ਸੁਣਾ ਕੇ ਆਪਣੀ ਹਾਜ਼ਰੀ ਲਗਵਾਈ-

ਸੱਚ ਦੀ ਸਲੀਬ 'ਤੇ ਜਦੋਂ ਕੌਮਾਂ ਦਾ ਦੁੱਖ ਝੱਲਦੇ ਰਹੇ।
ਨਾ ਉਹ ਦੁਨੀਆ 'ਤੇ ਆਪਣਾ ਰੌਸ਼ਨ ਨੇ ਕਰਦੇ ਰਹੇ।
ਜ਼ਿੰਦਗੀ ਭਰ ਹਨੇਰਿਆਂ ਦਾ ਸਾਥ ਦਿੱਤਾ ਏ ਉਨ੍ਹਾਂ
ਜ਼ਿੰਦਗੀ ਭਰ ਤਰਸ ਦਾ ਚਾਨਣ ਜੋ ਕਰਦੇ ਰਹੇ।'

ਡਾ. ਜਗਜੀਤ ਸਿੰਘ ਮਾਨ ਨੇ 'ਚੀਰ' ਅਤੇ 'ਦੁੱਖ-ਸੁੱਖ' ਆਦਿ ਵਿਸ਼ਿਆਂ ਨੂੰ ਲੈ ਕੇ ਆਪਣੀ ਹਾਜ਼ਰੀ ਲਗਵਾਈ। ਕੇਂਦਰ ਦੇ ਸਕੱਤਰ ਬਹਾਦਰ ਸਿੰਘ ਚੱਢਾ ਨੇ ਆਪਣੀ ਰਚਨਾ, 'ਹੁਣ ਮੇਰਾ ਆਪਣੇ ਹੀ ਘਰ ਜਾਣ ਨੂੰ ਜੀਅ ਨਹੀਂ ਕਰਦਾ' ਪੇਸ਼ ਕੀਤੀ-

'ਘਰ ਤਾਂ ਉਸ ਨੂੰ ਕਹਿੰਦੇ ਨੇ ਜਿਥੇ
ਇਨਸਾਨ ਦੀਆਂ ਰੀਝਾਂ ਪਲਦੀਆਂ ਨੇ।
ਪਰ ਮੈਨੂੰ ਤਾਂ ਜਾਪਦਾ ਏ ਇਝ,
ਜਿਵੇਂ ਮੇਰੀਆਂ ਸੱਧਰਾਂ ਬਲਦੀਆਂ ਨੇ।
ਆਉਣ ਵਾਲੇ ਭਵਿੱਖ ਬਾਰੇ ਸੋਚ ਕੇ
ਮੈਂ ਜਾਵਾਂ ਅੰਦਰੋਂ ਅੰਦਰੀ ਖ਼ਰਦਾ,


**ਪੰਜਾਬੀ ਸ਼ਬਦ-ਜੋੜ**

ਵਿਦਿਆਰਥੀ ਐਡੀਸ਼ਨ

ਸਵਰਗੀ ਗਿਆਨੀ ਰਣਧੀਰ ਸਿੰਘ ਜੀ
(ਪ੍ਰਿੰ. ਪੰਜਾਬੀ ਫੁਲਵਾੜੀ ਗਿਆਨੀ ਕਾਲਜ, ਜਲੰਧਰ)

**ਪ੍ਰਕਾਸ਼ਕ - ਪੰਜਾਬੀ ਪਰਚਾਰ ਕੇਂਦਰ (ਰਜਿ.)**
ਰਜਿਸਟ੍ਰੇਸ਼ਨ ਨੰ. (ACTXXI of 1860
ਨੰ. 59 ਆਫ 1986-87 14 ਮਈ 1986)
(ਰਜਿਸਟਰਾਰ ਆਫ ਫਰਮਜ਼ ਐਂਡ ਸੁਸਾਇਟੀਜ਼, ਪੰਜਾਬ, ਚੰਡੀਗੜ੍ਹ)
ਐਨ.ਬੀ. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ
ਫੋਨ - 0181-2490309, ਮੋ. 94176-10120



NamdhariElibrary NamdhariElibrary@gmail.com

ਹੁਣ ਮੇਰਾ ਆਪਣੇ ਹੀ ਘਰ ਜਾਣ ਨੂੰ ਜੀਅ ਨਹੀਂ ਕਰਦਾ।'

ਸਭਾ ਦੇ ਪ੍ਰਧਾਨ ਸ. ਰਛਪਾਲ ਸਿੰਘ ਬੱਧਣ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਇਹ ਦਿਲੀ ਇੱਛਾ ਹੈ ਕਿ ਵੱਡੇ ਪੱਧਰ ਉੱਤੇ ਜਲਦੀ ਹੀ ਕਵੀ ਦਰਬਾਰ ਅਤੇ ਹੋਰ ਸਮਾਗਮ ਰੱਖੇ ਜਾਣ। ਸਭਾ ਦੇ ਨਾਲ ਬਹੁਤ ਦੇਰ ਤੋਂ ਜੁੜੇ ਹੋਏ ਪੁਰਾਣੇ ਕਵੀਆਂ ਸ਼ਾਇਰਾਂ, ਲੇਖਕਾਂ ਦਾ ਉਨ੍ਹਾਂ ਨੇ ਧੰਨਵਾਦ ਕੀਤਾ।

*ਰਿਪੋਰਟ—ਬਹਾਦਰ ਸਿੰਘ ਚੱਢਾ*

*(ਸਕੱਤਰ) ਪੰਜਾਬੀ ਪ੍ਰਚਾਰ ਕੇਂਦਰ (ਰਜਿ.) ਜਲੰਧਰ*

## ਸ੍ਰ. ਦਲੀਪ ਸਿੰਘ ਧੰਜਲ ਨਮਿਤ ਪਾਠ ਦਾ ਭੋਗ



ਗੁੜਗਾਵਾਂ ਦਿੱਲੀ ਨਿਵਾਸੀ ਨਾਮਧਾਰੀ ਸਮਾਜ ਦੇ ੬੭ ਸਾਲ ਦੇ ਬਜ਼ੁਰਗ ਸ੍ਰ. ਦਲੀਪ ਸਿੰਘ ਧੰਜਲ ੧੬ ਜਨਵਰੀ, ੨੦੧੫ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ। ਆਪ ਦਲੀਪ ਸਿੰਘ ਮਈਓ ਦਾਤਾ ਦੇ ਕਰਕੇ ਜਾਣੇ ਜਾਂਦੇ ਸਨ। ਦੋ ਕੁ ਸਾਲ ਪਹਿਲਾਂ ਆਪ ਜੀ ਦੀ ਜੀਵਨ ਸਾਥਣ ਬੀਬੀ ਪ੍ਰਕਾਸ਼ ਕੌਰ ਆਪ ਨੂੰ ਅਤੇ ਭਰੇ ਪੂਰੇ ਪਰਵਾਰ ਨੂੰ ਵਿਛੋੜਾ ਦੇ ਗਏ ਸਨ। ਸ੍ਰ. ਦਲੀਪ ਸਿੰਘ ਧੰਜਲ ਹੁਰਾਂ ਦਾ ਸ਼ੁਰੂਆਤੀ ਕੰਮ ਲੱਕੜ ਦਾ ਰਿਹਾ ਹੈ। ਪਿਤਾ ਦੇ ਮਿਸਤਰੀ ਵਿਰਸੇ ਨੂੰ ਅੱਗੇ ਤੋਰਦਿਆਂ ਬੱਚਿਆਂ ਨੇ ਫੈਕਟਰੀ ਦੇ ਕੰਮਾਂ ਵਿੱਚ ਹੱਥ ਅਜ਼ਮਾਇਆ ਅਤੇ ਉਨਤ ਫੈਕਟਰੀਆਂ ਦੇ ਮਾਲਕ ਬਣੇ। ਸ੍ਰ. ਦਲੀਪ ਸਿੰਘ-ਮਾਤਾ ਪ੍ਰਕਾਸ਼ ਕੌਰ ਆਪਣੇ ਪਿੱਛੇ ਦੋ ਸਪੁੱਤਰਾਂ ਦਰਸ਼ਨ ਸਿੰਘ - ਦਵਿੰਦਰ ਸਿੰਘ ਅਤੇ ਤਿੰਨ ਸਪੁੱਤਰੀਆਂ ਦਾ ਭਰਿਆ ਪੂਰਾ ਖੁਸ਼ਹਾਲ ਪਰਵਾਰ ਛੱਡ ਗਏ ਹਨ। ਆਪ ਦੀ ਵੱਡੀ ਨੂੰਹ ਰਾਣੀ ਭੁਪਿੰਦਰ ਕੌਰ ਸੰਤ ਨਿਹਾਲ ਸਿੰਘ ਹੁਰਾਂ ਦੀ ਸਪੁੱਤਰੀ ਹੈ ਅਤੇ ਛੋਟੀ ਨੂੰਹ ਰਾਣੀ ਚਰਨਜੀਤ ਕੌਰ ਸੰਤ ਮੇਵਾ ਸਿੰਘ ਜੀ ਦੀ ਸਪੁੱਤਰੀ ਹੈ। ਆਪ ਦੀ ਵੱਡੀ ਸਪੁੱਤਰੀ ਰਣਜੀਤ ਕੌਰ ਦਾ ਵਿਆਹ-ਸੰਜੋਗ ਸ੍ਰ. ਭੁਪਿੰਦਰ ਸਿੰਘ ਨਾਲ, ਦੂਸਰੀ ਸਪੁੱਤਰੀ ਸੁਰਿੰਦਰ ਕੌਰ ਦਾ ਫੋਟੋਗ੍ਰਾਫਰ ਗੁਰਮੁਖ ਸਿੰਘ ਦਿੱਲੀ ਨਾਲ ਅਤੇ ਛੋਟੀ ਸਪੁੱਤਰੀ ਕਮਲਜੀਤ ਕੌਰ ਦਾ ਅਮਰਪ੍ਰੀਤ ਸਿੰਘ ਨਾਲ ਜੋੜਿਆ ਗਿਆ।

ਸਰਬੱਤ ਧੰਜਲ ਪਰਿਵਾਰ ਪ੍ਰਾਰੰਭ ਤੋਂ ਹੀ ਸਤਿਗੁਰੂ ਪ੍ਰਤਾਪ ਸਿੰਘ, ਸਤਿਗੁਰੂ ਜਗਜੀਤ ਸਿੰਘ ਦਾ ਸ਼ਰਧਾਲੂ ਪਰਿਵਾਰ ਹੈ। ਧੰਜਲ ਪਰਿਵਾਰ ਵੱਲੋਂ ਆਪਣੇ ਸਤਿਕਾਰਯੋਗ ਪਿਤਾ ਸ੍ਰ. ਦਲੀਪ ਸਿੰਘ ਹੁਰਾਂ ਨਮਿਤ ਰੱਖੇ ਗਏ ਸਹਿਜ ਪਾਠ ਦਾ ਭੋਗ ੨੫ ਜਨਵਰੀ ੨੦੧੫ ਨੂੰ ਉਨ੍ਹਾਂ ਦੀ ਰਿਹਾਇਸ਼ ਗੁੜਗਾਵਾਂ ਵਿਖੇ ਪਾਇਆ ਗਿਆ। ਨੌਜਵਾਨ ਜਥੇਦਾਰ ਨਿਸ਼ਾਨ ਸਿੰਘ ਜੀ ਨੇ ਜੀਵਨ-ਮਰਣ ਦੀ ਫਿਲਾਸਫੀ ਤੇ ਚਾਨਣਾ ਪਾਉਂਦਿਆਂ ਦਿਵਾਨ ਸਜਾਇਆ। ਅੰਤਮ ਅਰਦਾਸ ਵਿੱਚ ਦੂਰ ਨੇੜੇ ਦੇ ਰਿਸ਼ਤੇਦਾਰ, ਸਬੰਧੀ ਅਤੇ ਹੋਰ ਸੰਗਤ ਦਾ ਭਰਵਾਂ ਇਕੱਠ ਸੀ। ਆਈ ਸਾਧ ਸੰਗਤ ਨੂੰ ਲੰਗਰ ਛਕਾ ਕੇ ਸੇਵਾ ਕੀਤੀ ਗਈ। ਧਰਮ ਕਾਰਜਾਂ ਅਤੇ ਧਾਰਮਕ ਸਥਾਨਾਂ ਲਈ ਧੰਜਲ ਪਰਿਵਾਰ ਵੱਲੋਂ ਮਾਇਆ ਵੀ ਕੱਢੀ ਗਈ।

## ਮਾਤਾ ਸੁਰਜੀਤ ਕੌਰ ਖੁਰਾਣਾ ਦਾ ਅਕਾਲ ਚਲਾਣਾ



ਸਤਿਗੁਰੂ ਜਗਜੀਤ ਸਿੰਘ ਜੀ ਅਤੇ ਵਰਤਮਾਨ ਸਤਿਗੁਰੂ ਉਦੈ ਸਿੰਘ ਜੀ 'ਤੇ ਅਟੁੱਟ ਸ਼ਰਧਾ ਰੱਖਣ ਵਾਲੇ ਬੈਂਕਾਕ ਨਿਵਾਸੀ ਮਾਤਾ ਸੁਰਜੀਤ ਕੌਰ ਖੁਰਾਣਾ ੮੪ ਸਾਲ ਦੀ ਉਮਰ ਪੁਗਾਅ ੩੧ ਦਸੰਬਰ ੨੦੧੪ ਨੂੰ ਇਸ ਫ਼ਾਨੀ ਸੰਸਾਰ ਨੂੰ ਛੱਡ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ। ੨ ਜਨਵਰੀ ੨੦੧੫ ਨੂੰ ਮ੍ਰਿਤਕ ਦੇਹ ਦਾ ਸਸਕਾਰ ਦਿੱਲੀ ਤੋਂ ਬੈਂਕਾਕ ਉਚੇਚੇ ਪੁੱਜੇ ਆਪ ਦੇ ਵੱਡੇ ਸਪੁੱਤਰ ਗੁਰਦੀਪ ਸਿੰਘ ਖੁਰਾਣਾ, ਨੂੰਹ ਰਾਣੀ ਰਣਜੀਤ ਕੌਰ, ਵੱਡੀ ਸਪੁੱਤਰੀ ਗੁਰਮੀਤ ਕੌਰ 'ਮੀਤ', ਇਕਲੌਤੀ ਭੈਣ ਜਸਪਾਲ ਕੌਰ ਅਤੇ ਭਾਣਜੀ ਸੀਮਾ ਦੇ ਪੁੱਜਣ 'ਤੇ ਕੀਤਾ ਗਿਆ। ਸਿੱਖ ਸਮਾਜ ਵਿਸ਼ੇਸ਼ਕਰ ਨਾਮਧਾਰੀ ਪੰਥ ਵਿੱਚ 'ਨਾਮਧਾਰੀ ਟੈਲੀਫੋਨ ਡਾਇਰੈਕਟਰੀ ਆਫ਼ ਥਾਈਲੈਂਡ' ਅਤੇ 'ਗੁਰੂ ਬੰਸਾਵਲੀ' ਪੁਸਤਕ ਰਾਹੀਂ ਆਪਣੀ ਵਿਸ਼ੇਸ਼ ਥਾਂ ਕਾਇਮ ਕਰਕੇ ੧੪ ਕੁ ਸਾਲ ਪਹਿਲਾਂ ਆਪਣੀਆਂ ਯਾਦਾਂ ਛੱਡ ਜਾਣ ਵਾਲੇ ਬੈਂਕਾਕ ਨਿਵਾਸੀ ਸੁਰਜੀਤ ਸਿੰਘ ਖੁਰਾਣਾ (ਗਾਂਧੀ ਨਗਰ ਵਾਲਿਆਂ) ਦੀ ਆਪ ਧਰਮ ਪਤਨੀ ਸਨ। ਕਿਸੇ ਸਮੇਂ ਰਾਮ ਲਕਸ਼ਮਣ ਅਖਵਾਉਣ ਵਾਲੇ ਕੁਜਰਾਂਵਾਲਾ ਤੋਂ ਏਧਰ ਆਏ


NamdhariElibrary NamdhariElibrary@gmail.com

ਭਰਾਵਾਂ ਵਿਚੋਂ ਇਕ ਭਰਾ ਮਹਿਤਾਬ ਸਿੰਘ ਅਤੇ ਮਾਇਆ ਦੇਵੀ ਜੀ ਦੀ ਆਪ ਵੱਡੀ ਸਪੁੱਤਰੀ ਸਨ। ਆਪ ਦਾ ਪੇਕਾ ਨਾਂ ਗੁਣਵੰਤ ਕੌਰ ਸੀ। ਵਿਆਹ ਸੰਜੋਗ ਤੋਂ ਬਾਅਦ ਕਾਰ-ਵਿਹਾਰ ਅਤੇ ਬੱਚਿਆਂ ਦੀ ਮੁੱਢਲੀ ਪਰਵਰਿਸ਼ ਹਿਤ ਇਸ ਸੁਭਾਗ ਜੋੜੀ ਦਾ ਲੰਮਾ ਸਮਾਂ ਗਾਂਧੀ ਨਗਰ ਦਿੱਲੀ ਵਿੱਚ ਬਤੀਤ ਹੋਇਆ। ਸ੍ਰ. ਸੁਰਜੀਤ ਸਿੰਘ ਖੁਰਾਣਾ ਦੇ ਹਰ ਦੁਖ-ਸੁਖ ਵਿੱਚ ਸਾਥ ਨਿਭਾਉਂਦਿਆਂ ਆਪ ਨੇ ਆਪਣੇ ਪੰਜ ਸਪੁੱਤਰਾਂ ਅਤੇ ਦੋ ਸਪੁੱਤਰੀਆਂ ਦੀ ਬੜੀ ਤਨਦੇਹੀ, ਲਾਡ-ਪਿਆਰ ਅਤੇ ਸੂਝਬੂਝ ਨਾਲ ਪਾਲਣਾ ਕਰ ਬਿਰਾਦਰੀ ਅਤੇ ਸਮਾਜ ਵਿੱਚ ਆਪਣੀ ਨਿਵੇਕਲੀ ਪਛਾਣ ਕਾਇਮ ਕੀਤੀ। ਆਪ ਦਾ ਵੱਡਾ ਸਪੁੱਤਰ ਗੁਰਦੀਪ ਸਿੰਘ ਅਤੇ ਵੱਡੀ ਸਪੁੱਤਰੀ ਗੁਰਮੀਤ ਕੌਰ 'ਮੀਤ' ਪਰਵਾਰ ਦਾ ਨਿਵਾਸ ਦਿੱਲੀ ਵਿੱਚ ਹੈ ਅਤੇ ਬਾਕੀ ਪਰਵਾਰ ਨੇ ਬੈਂਕਾਕ (ਥਾਈਲੈਂਡ) ਨਿਵਾਸ ਰੱਖਿਆ ਹੋਇਆ ਹੈ। ਮਾਤਾ ਜੀ ਵੱਲੋਂ ਮਿਲੇ ਗੁਣਾਂ ਸਦਕਾ ਆਪ ਦੇ ਨਿੱਜੀ ਪਰਵਾਰਾਂ ਵਿੱਚ ਜਿਥੇ ਆਪਸੀ ਚੰਗੀ ਸਾਂਝ ਹੈ ਉਥੇ ਦਰਜਾ-ਬ-ਦਰਜਾ ਸਭ ਇਕ ਦੂਸਰੇ ਨੂੰ ਆਦਰ ਸਤਿਕਾਰ ਅਤੇ ਪ੍ਰੇਮ ਪਿਆਰ ਦਿੰਦੇ ਹਨ। ਇਸ ਖੁਰਾਣਾ ਪਰਵਾਰ ਨੇ ਬੈਂਕਾਕ (ਥਾਈਲੈਂਡ) ਵਿੱਚ ਨਾ ਕੇਵਲ ਕਾਰ-ਵਿਹਾਰ ਵਿੱਚ ਆਪਣੀ ਮਿਹਨਤ ਅਤੇ ਈਮਾਨਦਾਰੀ ਦੀ ਸਾਖ ਕਾਇਮ ਕੀਤੀ ਹੋਈ ਹੈ ਬਲਕਿ ਸਮਾਜਕ ਅਤੇ ਧਾਰਮਕ ਖੇਤਰ ਵਿੱਚ ਤਨ-ਮਨ-ਧਨ ਨਾਲ ਜੁਟੇ ਰਹਿਣ ਦਾ ਸੁਭਾਅ ਬਣਾਇਆ ਹੋਇਆ ਹੈ। ਮਾਤਾ ਸੁਰਜੀਤ ਕੌਰ ਦਾ ਰਿਸ਼ਤੇਦਾਰੀ ਵਿੱਚ ਮਾਣ ਸਨਮਾਨ ਦਾ ਘੇਰਾ ਵਸੀਹ ਰਿਹਾ ਹੈ। ਪਹਿਲੇ ਸਮੇਂ ਵਿੱਚ ਥਾਈਲੈਂਡ ਜਾ ਵਾਸ ਕਰਨ ਵਾਲੇ ਨਾਮਧਾਰੀ ਪੰਥ ਦੇ ਜਾਣੇ ਪਛਾਣੇ ਸਾਹਿਤਕਾਰ ਸੇਠ ਖ਼ਜਾਨ ਸਿੰਘ ਇਨਸਾਫ਼ ਆਪ ਦੇ ਮਾਮਾ ਜੀ ਸਨ। ਇਨਸਾਫ਼ ਜੀ ਦੇ ਸਪੁੱਤਰ ਸੇਠ ਜਗਤਾਰ ਸਿੰਘ ਜੀ ਆਪ ਨੂੰ ਜ਼ਿਦਗੀ ਭਰ ਵੱਡੀ ਭੈਣ ਦਾ ਮਾਣ ਅਤੇ ਰੱਖੜੀ ਬੰਨ੍ਹਣ ਦਾ ਫਰਜ਼ ਨਿਭਾਉਂਦੇ ਆ ਰਹੇ ਹਨ। ਬੈਂਕਾਕ (ਥਾਈਲੈਂਡ) ਵਿਖੇ ਅਜਿਹਾ ਹੀ ਇਕ ਹੋਰ ਮਾਨਯੋਗ ਸੇਠ ਸੇਵਾ ਸਿੰਘ ਸਚਦੇਵ ਪਰਵਾਰ ਹੈ ਜਿਨ੍ਹਾਂ ਨਾਲ ਮਾਤਾ ਸੁਰਜੀਤ ਕੌਰ ਨੇ ਰਿਸ਼ਤੇਦਾਰੀ ਦੀ ਬਰੀਕ ਤੰਦ ਨੂੰ ਅੰਤਮ ਸਮੇਂ ਤੱਕ ਟੁੱਟਣ ਨਹੀਂ ਦਿੱਤਾ ਅਤੇ ਮਾਣ ਸਨਮਾਨ ਕਾਇਮ ਰਖਦਿਆਂ ਵਰਤ-ਵਿਵਹਾਰ ਤੋਰੀ ਰੱਖਿਆ ਹੈ। ਥਾਈਲੈਂਡ ਦੇ ਮੰਨੇ-ਪ੍ਰਮੰਨੇ ਸੇਠ ਤਰਲੋਕ ਸਿੰਘ ਚਾਵਲਾ ਪਰਵਾਰ ਨੇ ਖੁਰਾਣਾ ਪਰਵਾਰ ਨਾਲ ਹਮੇਸ਼ਾਂ ਚੰਗੀ ਸਾਂਝ ਬਣਾਈ ਰੱਖੀ ਹੈ।

ਮਾਣ ਵਾਲੀ ਗੱਲ ਹੈ ਕਿ ਮਾਤਾ ਸੁਰਜੀਤ ਕੌਰ ਦੀ ਵੱਡੀ ਸਪੁੱਤਰੀ ਗੁਰਮੀਤ ਕੌਰ 'ਮੀਤ' ਇਹਨਾਂ ਸਤਰਾਂ ਦੇ ਲੇਖਕ ਸਰਬ ਸ਼ਕਤੀਮਾਨ ਦੀ ਧਰਮ ਪਤਨੀ ਹੈ। ਏਥੇ ਇਹ ਵੀ ਦੱਸਣਾ ਜ਼ਰੂਰੀ ਬਣਦਾ ਹੈ ਕਿ ਗੁਰਮੀਤ ਕੌਰ ਨੇ ਕਵਿਤਾ ਲਿਖਣ ਅਤੇ ਬੋਲਣ ਦਾ ਗੁਣ ਬਹੁਤਾ ਆਪਣੀ ਮਾਤਾ ਜੀ ਪਾਸੋਂ ਵਿਰਸੇ ਵਿੱਚ ਪ੍ਰਾਪਤ ਕੀਤਾ ਹੈ। ਮਾਤਾ ਸੁਰਜੀਤ ਕੌਰ ਆਪਣੇ ਸਮੇਂ ਵਿੱਚ ਬੁੱਧੀਮਾਨੀ ਪਾਸ ਸਨ। ਉਹ ਜਿਥੇ ਸ਼ੁਧ ਗੁਰਬਾਣੀ ਪੜ੍ਹਣ ਅਤੇ ਗੁਰਬਾਣੀ ਦੇ ਅਰਥਾਂ ਨੂੰ ਸਮਝਣ ਦੇ ਅਭਿਆਸੀ ਸਨ ਉਥੇ ਪੰਜਾਬੀ ਸਾਹਿਤ ਪੜ੍ਹਣ ਦਾ ਵੀ ਚੰਗਾ ਸ਼ੌਕ ਰੱਖਦੇ ਸਨ। ਧਾਰਮਕ ਸਾਖੀਆਂ ਅਤੇ ਜੀਵਨ-ਜਾਚ ਸਾਹਿਤ ਪੜ੍ਹ ਕੇ ਨਾ ਕੇਵਲ ਆਪਣੇ ਅੰਦਰ ਵਸਾਇਆ ਬਲਕਿ ਆਪਣੇ ਬੱਚਿਆਂ ਨੂੰ ਧਰਮ ਕਰਮ ਕਰਨ ਅਤੇ ਸਤਿਗੁਰੂ ਸਾਹਿਬਾਨ ਪ੍ਰਤੀ ਅਟੁੱਟ ਸ਼ਰਧਾ ਰੱਖਣ ਵੱਲ ਤੋਰੀ ਰੱਖਿਆ। ਆਪ ਵੱਲੋਂ ਦੱਸਿਆ ਗਿਆ ਗੁਰ-ਇਤਿਹਾਸ ਆਪ ਦੀ ਵੱਡੀ ਸਪੁੱਤਰੀ ਗੁਰਮੀਤ ਕੌਰ 'ਮੀਤ' ਨੇ ਆਪਣੀ ਯਾਦ ਪਟਾਰੀ ਵਿੱਚ ਸਾਂਭਿਆ ਹੋਇਆ ਹੈ। ਬੈਂਕਾਕ ਦੇ ਮਾਨਯੋਗ ਸੂਬਾ ਮਹਿੰਦਰ ਕੌਰ ਗਿਆਨਣ ਆਪ ਦੇ ਗੁਰਬਾਣੀ ਗਿਆਨ ਤੋਂ ਕਾਫੀ ਅਚੰਭਤ ਹੋ ਕੇ ਕਹਿੰਦੇ ਹੁੰਦੇ ਸਨ, "ਸੁਰਜੀਤ ਕੌਰੇ, ਆਪ ਨੂੰ ਸਾਰਾ ਗੁਰੂ ਗ੍ਰੰਥ ਸਾਹਿਬ ਜ਼ਬਾਨੀ ਯਾਦ ਹੈ ਕੀ !"

ਪਰਵਾਰ ਵੱਲੋਂ ਮਾਤਾ ਸੁਰਜੀਤ ਕੌਰ ਖੁਰਾਣਾ ਨਮਿਤ ਰੱਖੇ ਗਏ ਸਹਿਜ ਪਾਠ ਦਾ ਭੋਗ ਬੈਂਕਾਕ ਦੇ ਸੋਏ ਅਸ਼ੋਕ ਵਿਖੇ ੪ ਜਨਵਰੀ ੨੦੧੫ ਨੂੰ ਪਾਇਆ ਗਿਆ। ਇਸ ਤੋਂ ਪਹਿਲਾਂ ਖੁਰਾਣਾ ਪਰਵਾਰ ਨੇ ਆਪਣੀ ਮਾਤਾ ਦੇ ਵਿਛੋੜੇ ਨੂੰ ਅਕਾਲ ਪੁਰਖ ਦਾ ਭਾਣਾ ਮੰਨਦਿਆਂ ਘਰ ਵਿੱਚ ਹੀ ਨਾਮ-ਸਿਮਰਨ ਨੂੰ ਆਧਾਰ ਬਣਾਇਆ। ਕੀਰਤਨ ਅਤੇ ਅੰਤਮ ਅਰਦਾਸ। ਵਿੱਚ ਦੂਰ ਨੇੜੇ ਦੇ ਰਿਸ਼ਤੇਦਾਰਾਂ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਬੈਂਕਾਕ ਦੀ ਨਾਮਧਾਰੀ ਸੰਗਤ ਸ਼ਾਮਲ ਹੋਈ। ਪਰਵਾਰ ਵੱਲੋਂ ਗੁਰੂ ਕੇ ਲੰਗਰ ਦਾ ਅਤੁੱਟ ਪ੍ਰਬੰਧ ਕੀਤਾ ਗਿਆ ਸੀ।

ਅਗਲੇ ਦਿਨਾਂ ਵਿੱਚ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਦਾ ਗੁਰੂ ਪਰਵਾਰ ਸਹਿਤ ਬੈਂਕਾਕ ਦਾ ਦੌਰਾ ਸੀ। ਸੋ ਖੁਰਾਣਾ ਪਰਵਾਰ ਨੇ ਸਤਿਗੁਰੂ ਜੀ ਨੂੰ ਆਪਣੇ ਘਰ ਚਰਨ ਪਾਉਣ ਦੀ ਅਰਜ਼ ਕੀਤੀ। ਨਾਲ ਹੀ ਸਪੁੱਤਰ ਸਤਨਾਮ ਸਿੰਘ ਖੁਰਾਣਾ ਨੇ ਕੁਝ ਮਹੀਨੇ ਪਹਿਲਾਂ ਆਪਣੀ ਦੇਹ ਅਰੋਗਤਾ ਦੀ ਕੀਤੀ ਅਰਜ਼ ਦੇ ਸਿੱਟੇ ਵਜੋਂ ਕਾਫੀ ਜ਼ਿਆਦਾ ਸਿਹਤਯਾਬ ਹੋਣ ਦਾ ਧੰਨਵਾਦੀ ਪੱਤਰ ਸਤਿਗੁਰਾਂ ਦੇ ਚਰਨਾਂ ਵਿੱਚ ਰੱਖਿਆ। ਸਤਿਗੁਰੂ ਜੀ ਅਤੇ ਗੁਰੂ ਪਰਵਾਰ ਨੇ ਉਨ੍ਹਾਂ ਦੇ ਘਰ ਚਰਨ ਪਾਏ ਅਤੇ ਬਚਨ ਬਿਲਾਸ ਕਰਦਿਆਂ ਪਰਵਾਰ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖਿਆ।

***— ਸਰਬ ਸ਼ਕਤੀਮਾਨ ਸਿੰਘ***

Namdhari Elibrary NamdhariElibrary@gmail.com

# ਪ੍ਰਤੀਕਿਰਿਆ

ਵਰਿਆਮ ਨਿਰੰਤਰ ਮਿਲ ਰਿਹਾ ਹੈ। ਪੱੜ੍ਹ ਤੋਂ ਲਾਹੇਵੰਦ ਹੋ ਰਿਹਾ ਹਾਂ। ਬਹੁਤ ਬਹੁਤ ਸ਼ੁਕਰੀਆ। ਬਹੁਤ ਲੰਮੇਰੇ ਸਮੇਂ ਮਗਰੋਂ ਹਾਜ਼ਿਰ ਹੋ ਰਿਹਾ ਹਾਂ। 'ਮਾਂ' ਪ੍ਰਤੀ ਜਜ਼ਬਾਤ ਉਮੜੇ, ਕਲਮ ਹਵਾਲੇ ਕੀਤੇ ਅਤੇ ਆਪ ਜੀ ਪਾਸ ਭੇਜ ਰਿਹਾ ਹਾਂ।

ਆਪ ਜੀ ਦੀ ਲੰਮੇਰੀ, ਅਰੋਗ ਕਾਇਆ ਦੀ ਕਾਮਨਾ ਨਾਲ।

*—ਡਾ.ਜੀ.ਡੀ. ਚੌਧਰੀ*
*ਜਗਦੇਵ ਸਿਘ ਚੌਕ, ਸਰਕੂਲਰ ਰੋਡ*
*ਪੰਜਾਬ ਨੈਸ਼ਨਲ ਬੈਂਕ ਵਾਲੀ ਗਲੀ, ਸਿਰਸਾ (ਹਰਿਆਣਾ)*
*ਮੋਬ.-੦੯੭੨੯੦-੦੬੨੪੫*

ਆਪ ਜੀ ਦਾ ਪਰਚਾ ਵਰਿਆਮ ਲਗਾਤਾਰ ਮਿਲ ਰਿਹਾ ਹੈ ਉਂਜ ਤਾਂ ਇਸ ਵਿਚ ਛਪਿਆ ਹਰ ਤਰ੍ਹਾਂ ਦਾ ਮੈਟਰ ਹੀ ਪ੍ਰਸੰਸਾਯੋਗ ਤੇ ਅਮੁੱਲਾ ਹੁੰਦਾ ਹੈ। ਪਰ ਫੇਰ ਵੀ ਵਿਰਕ ਜੀ ਦਾ ਲੇਖ ਵੱਡਮੁੱਲੀ ਜਾਣਕਾਰੀ ਦੇਂਦਾ ਹੈ ਅਤੇ ਸਾਨੂੰ ਸਾਡੀ ਅਨਮੋਲ ਵਿਰਾਸਤ ਦੇ ਭੁੱਲੇ ਵਿਸਰੇ ਉਹਨਾਂ ਮਹਾਨ ਪੁਰਸ਼ਾਂ ਦੀਆਂ ਘਾਲਣਾਵਾਂ ਤੋਂ ਜਾਣੂ ਕਰਵਾ ਕੇ ਸਮਾਜ ਲਈ ਵਿਚਾਰਨ ਯੋਗ ਬਾਤਾਂ ਤੇ ਸਵਾਲ ਖੜੇ ਕਰ ਜਾਂਦਾ ਹੈ।

ਮਾਧੋਪੁਰੀ ਜੀ ਦੀ ਇੰਗਲੈਂਡ ਯਾਤਰਾ, ਸਾਡੇ ਵਰਗੇ ਕਿਤੇ ਨਾ ਜਾਣ ਵਾਲਿਆਂ ਨੂੰ, ਘਰ ਬੈਠਿਆਂ ਹੀ ਇੰਗਲੈਂਡ ਦੀ ਸੈਰ ਕਰਵਾ ਦੇਂਦੀ ਹੈ। ਸ਼ਾਲਾ ਵਰਿਆਮ ਇਸੇ ਤਰ੍ਹਾਂ ਹੀ ਚੱਲਦਾ ਰਹੇ।

ਮੇਰੀ ਸ੍ਰੀ ਸਤਿਗੁਰ ਜਗਜੀਤ ਸਿੰਘ ਜੀ ਦੇ ਪਾਵਨ ਵਿਅਕਤੀਤਵ ਤੇ ਪ੍ਰਬੰਧ ਕਾਵਿ ਦੇ ਰੂਪ ਵਿਚ "ਸਾਚਾ ਸਾਹਿਬ" ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਦੁਆਰਾ ਛਾਪੀ ਗਈ ਹੈ। ਆਪ ਜੀ ਨੂੰ ਮੈਂ ਤਾਂ ਉਹ ਪੁਸਤਕ ਭੇਟ ਕਰਨ ਦਾ ਸੁਭਾਗ ਪ੍ਰਾਪਤ ਨਹੀਂ ਕਰ ਸਕਿਆ। ਪਰ ਜੇ ਉਹ ਪੁਸਤਕ ਆਪ ਜੀ ਨੂੰ ਦਰਬਾਰ ਵਲੋਂ ਮਿਲ ਗਈ ਹੋਵੇ ਤਾਂ ਉਸ ਉਤੇ ਰੀਵੀਊ ਲਿਖ ਕੇ ਵਰਿਆਮ ਵਿਚ ਛਾਪ ਦੇਣ ਦੀ ਖੇਚਲ ਕਰ ਸਕੋ ਤਾਂ ਬੜਾ ਚੰਗਾ ਰਹੇਗਾ। ਮੇਰੀ ਸਤਿਗੁਰੂ ਜੀ ਨੂੰ ਪੁਸਤਕ ਭੇਟ ਕਰਦਿਆਂ ਦੀ ਤਸਵੀਰ ਮੈਂ ਸੰਤ ਹਰਪਾਲ ਸਿੰਘ ਜੀ ਨੂੰ ਕਹਿ ਕੇ ਈ. ਮੇਲ ਕਰਵਾਉਣ ਦੀ ਕੋਸ਼ਿਸ਼ ਕਰਾਂਗਾ।

ਮੈਂ ਆਪ ਜੀ ਨੂੰ ਬਹੁਤ ਦੇਰ ਤੋਂ ਕੋਈ ਛਪਣਯੋਗ ਮੈਟਰ ਨਹੀਂ ਭੇਜ ਸਕਿਆ ਉਸਦੀ ਖਿਮਾ ਚਾਹੁੰਦਾ ਹੋਇਆ, ਆਪ ਜੀ ਨੂੰ ਕੁਝ ਰਚਨਾਵਾਂ ਭੇਜ ਰਿਹਾ ਹਾਂ। ਠੀਕ ਲੱਗਣ ਤਾਂ ਛਾਪ ਦੇਣਾ। ਧੰਨਵਾਦੀ ਹੋਵਾਂਗਾ।

*ਲਖਵਿੰਦਰ ਸਿੰਘ ਬਾਜਵਾ*
*ਜਗਜੀਤ ਨਗਰ (ਹਰੀਪੁਰਾ),*
*ਸਿਰਸਾ ਹਰਿਆਣਾ, ਮੋ੦੯੪੧੫੭-੩੪੫੦੬*



ਮਲੇਰਕੋਟਲੇ ਦੀ ਪਾਵਨ ਧਰਤੀ ਤੇ ਸ਼ਹੀਦਾਂ ਦੀ ਯਾਦ ਵਿੱਚ ਹੋਏ ੭੦ ਹਵਨਯੱਗ ਵਿੱਚ ਹਿੱਸਾ ਲੈਂਦੇ ਸੋਧੀ ਸਿੰਘ।

Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

# Superior Quality

## SINGLE BARREL

&

## DOUBLE BARREL

B.L.–12 Bore

# GUNS

# MODERN GUN WORKS

OPP. INDUSTRIAL ESTATE,

JAMMU CANTT.


Namdhari Elibrary NamdhariElibrary@gm

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ-੧੧੦੦੦੬

**Furshi Durries & Carpets**

in Bright & Fast Colours

**Manufacturers :**

# Namdhari Sales

10240/54 Library Road, Azad Market, Delhi-110005

Phone Office : 011-23516689, 911-23614784

Mobile Phone : S. Charanjit Singh 98105-56398
S. Satvinder Singh 98116-55210


TOP TRAK
new generation bikes
NEW range for all ages
TT 001
TT 002
TT 003
TT 018
TT 023
TT 005
TT 022
TT 006
TT 014
TT 051
TT 034
new
TT 053
TT 064
new
TT 055
TT 071
new
TT 101
new
BVQi
ISO 9001:2000
UKAS
PARTAP ENGINEERS
AN ISO 9001 COMPANY
BHAGWAN CHOWK, LUDHIANA - 141 003 (INDIA)
Tel : 91-161-2533276, 2540209 FAX : 91-161-2533273
E-MAIL : gspartap@glide.net.in
Website : www.partapexports.com

BBL FOODS PVT. LTD.






*India's Larget Second Hand Food Machines Dealer Cum Rebuilder*

**750kgs Potato Chips Line**

**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*






# BBL FOODS (P) LTD.

***SANTOSH NAGAR X ROADS, HYDERABAD- 5000059, INDIA***

***Tel : +91 40 24530680, Mobile : 91 98480-50607/ +91 98483 99702***

***e-mail:lakbir.mutchall@gmail.com***

***www.bblfoods.com www.mutchall.com***

Namdhari Elibrary NamdhariElibrary@gmail.com





ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਨਿੱਜੀ ਸੇਵਕ, ਖਜ਼ਾਨਚੀ, ਅਰਦਾਸੀਏ ਸੰਤ ਮਹਿੰਦਰ ਸਿੰਘ ਪੂਰਬਾ ਜੀ ਦੀ ਜੀਵਨ ਸਾਥਣ ਬੀਬੀ ਸੁਖਵਿੰਦਰ ਕੌਰ ਜੀ ੯ ਜਨਵਰੀ ੨੦੧੫ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਵਿਛੜੀ ਜੀਵ ਆਤਮਾ ਨਮਿਤ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਪਾਠ ਦੇ ਭੋਗ ਕੀਰਤਨ ਅਤੇ ਅਰਦਾਸ ਵਾਸਤੇ ਸਮਾਗਮ ੧੬ ਜਨਵਰੀ ੨੦੧੫ ਨੂੰ ਪੂਰਬਾ ਜੀ ਦੇ ਗ੍ਰਹਿ ਗਾਰਡਨ ਵੈਲੀ ਸਕੂਲ ਫਾਰਮ ਮਾਛੀਵਾੜਾ ਵਿਖੇ ਹੋਇਆ। ਇਸ ਸਮਾਗਮ ਤੇ ਅਪਾਰ ਸੰਗਤਾਂ ਹਾਜ਼ਰ ਹੋਈਆਂ ਜਗਤ ਮਾਤਾ ਸ੍ਰੀ ਚੰਦ ਕੌਰ ਜੀ ਨੇ ਵੀ ਦਰਸ਼ਨ ਦਿੱਤੇ। ਇਸ ਅਵਸਰ ਦੀਆਂ ਤਸਵੀਰਾਂ...



ਬਸੰਤ ਮੇਲਾ ਦਿੱਲੀ ਸਮੇਂ ਸ੍ਰੀ ਸਤਿਗੁਰੂ ਜੀ ਲੇਖਕ ਸੰਤ ਸਿੰਘ (ਦਿੱਲੀ) ਦੀ ਲਿਖੀ ਇੰਗਲਿਸ਼ ਦੀ ਪੁਸਤਕ (Discourage Vol.-II) ਨੂੰ ਰਲੀਜ਼ ਕਰਦੇ ਹੋਏ।

Namdhari Elibrary NamdhariElibrary@gmail.com

P.O. Regd. No. PB/JL-016/2015-2017 **WARIAM** Ladowali Road, Jalandhar -144001
April:2015
Regd. RNI No. 26453/75



ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289, ਮੋਬਾਇਲ- 98143-18720

Namdhari Elibrary NamdhariElibrary@gmail.com